# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੈਚੁਲਰ ਆਫ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ

ਸਮੈਸਟਰ ਦੂਜਾ

ਪੇਪਰ : (BLIS-105) ਨਾਲੇਜ ਆਰਗੇਨਾਈਜੇਸ਼ਨ ਐਂਡ ਇਨਫਰਮੇਸ਼ਨ ਪ੍ਰੋਸੈਸਿੰਗ : ਕਲਾਸੀਫਿਕੇਸ਼ਨ ਪ੍ਰੈਕਟਿਸ - ਸੀ.ਸੀ. ਐਂਡ ਡੀ.ਡੀ.ਸੀ

ਮੀਡੀਅਮ : ਪੰਜਾਬੀ

ਯੂਨਿਟ : 1

ਪਾਠ ਨੰ.


1.1 ਭੂਮਿਕਾ ਅਤੇ ਪ੍ਰੈਕਟੀਕਲ ਵਰਗੀਕਰਣ ਦੇ ਕਦਮ

1.2 ਸਾਂਝੀਆਂ ਅਨੁਸੂਚੀਆਂ

1.3 ਸਾਂਝੇ ਇਕੱਲ

1.4 ਸਵੈ-ਚਿਰਸਥਾਈ ਨਿਰਭਰਤਾ ਲਈ ਜੁਗਤਾਂ

1.5 ਲਾਇਬਰੇਰੀ ਵਿਗਿਆਨ, ਗਣਿਤ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਇੰਜੀਨੀਅਰਿੰਗ

1.6 ਤਕਨਾਲੋਜੀ, ਜੀਵ ਵਿਗਿਆਨ, ਭੂ-ਵਿਗਿਆਨ, ਖਾਣ ਵਿਗਿਆਨ

1.7 ਚਕਿਤਸਾ ਵਿਗਿਆਨ, ਖੇਤੀਬਾੜੀ, ਪਸ਼ੂ ਪਾਲਣ ਅਤੇ ਸਮਾਜ ਵਿਗਿਆਨ

1.8 ਬਨਸਪਤੀ ਵਿਗਿਆਨ, ਪ੍ਰਾਣੀ ਵਿਗਿਆਨ ਅਤੇ ਔਸ਼ਧੀ ਵਿਗਿਆਨ

1.9 ਲਲਿਤ ਕਲਾਵਾਂ, ਭਾਸ਼ਾ ਵਿਗਿਆਨ ਅਤੇ ਧਰਮ

1.10 ਦਰਸ਼ਨ ਸ਼ਾਸਤਰ, ਲਾਭਦਾਇਕ ਕਲਾਵਾਂ ਅਤੇ ਆਤਮਕ ਤਜਰਬਾ ਤੇ ਰਹੱਸਵਾਦ

1.11 ਮਨੋਵਿਗਿਆਨ, ਸਿੱਖਿਆ, ਭੂਗੋਲ

1.12 ਨਿਰਵਿਸ਼ੇਸ਼ ਮੁੱਖ ਵਰਗ, ਸਾਹਿਤ ਅਤੇ ਕਾਨੂੰਨ

1.13 ਇਤਿਹਾਸ, ਰਾਜਨੀਤੀ ਵਿਗਿਆਨ ਅਤੇ ਅਰਥ-ਸ਼ਾਸਤਰ



***Department website : www.pbidde.org***

ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ
ਅਨੁਵਾਦਕ : ਡਾ. ਜਸਮੇਰ ਸਿੰਘ

ਪਾਠ ਨੰ. 1.1

## ਭੂਮਿਕਾ ਅਤੇ ਪ੍ਰੈਕਟੀਕਲ ਵਰਗੀਕਰਣ ਦੇ ਕਦਮ (Steps)

### ਉਦੇਸ਼

ਲਾਇਬਰੇਰੀ ਵਿਚ ਪ੍ਰਲੇਖਾਂ ਦੀ ਸਾਂਭ-ਸੰਭਾਲ ਲਈ ਲਾਇਬਰੇਰੀ ਵਰਗੀਕਰਣ ਇਕ ਮੂਲ ਸੰਦ ਮੰਨਿਆ ਜਾਂਦਾ ਹੈ। ਡਾ. ਰੰਗਾਨਾਥਨ ਦੁਆਰਾ ਬਣਾਈ ਗਈ ਕੋਲਨ ਵਰਗੀਕਰਣ (ਸੀ.ਸੀ.) ਲਾਇਬਰੇਰੀ ਵਰਗੀਕਰਣ ਦੇ ਸਿਧਾਂਤਾਂ ਤੇ ਆਧਾਰਤ ਹੈ।

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਕੋਲਨ ਵਰਗੀਕਰਣ ਅਤੇ ਇਸਦੇ ਵੱਖ-ਵੱਖ ਸੰਸਕਰਣਾਂ ਬਾਰੇ ਮੁਢਲੀ ਜਾਣਕਾਰੀ ਹਾਸਲ ਕਰ ਸਕੋਗੇ ;
* ਕੋਲਨ ਵਰਗੀਕਰਣ ਵਿਚ ਵਰਤੀ ਗਈ ਸੰਕੇਤਨ (Notation) ਬਾਰੇ ਜਾਣੂ ਹੋ ਸਕੋਗੇ ;
* ਵਰਗ ਅੰਕ ਬਣਾਉਣ ਦੀ ਪ੍ਰੈਕਟੀਕਲ ਜਾਂ ਵਿਵਹਾਰਕ ਵਿਧੀ ਦਾ ਗਿਆਨ ਪ੍ਰਾਪਤ ਕਰ ਸਕੋਗੇ ; ਅਤੇ
* ਰੰਗਾਨਾਥਨ ਦੇ ਵਿਵਹਾਰਕ ਵਰਗੀਕਰਣ ਲਈ ਬਣਾਏ ਗਏ ਮਸ਼ਹੂਰ 9 ਕਦਮਾਂ ਬਾਰੇ ਜਾਣੂ ਹੋ ਸਕੋਗੇ।

ਕੋਲਨ ਵਰਗੀਕਰਣ ਇਕ ਜਨਰਲ ਲਾਇਬਰੇਰੀ ਵਰਗੀਕਰਣ ਪ੍ਰਣਾਲੀ ਹੈ। ਇਹ ਵਰਗੀਕਰਣ ਪ੍ਰਣਾਲੀ 1924-1933 ਦੌਰਾਨ ਭਾਰਤ ਵਿਚ ਲਾਇਬਰੇਰੀ ਸਾਇੰਸ ਦੇ ਪਿਤਾ ਮੰਨੇ ਜਾਂਦੇ ਪਦਮਸ਼੍ਰੀ ਡਾ. ਐਸ.ਆਰ.ਰੰਗਾਨਾਥਨ ਨੇ ਤਿਆਰ ਕੀਤੀ ਸੀ। ਇਹ ਪਹਿਲੀ ਵਾਰ 1933 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸਦੇ ਪਹਿਲੇ ਸੰਸਕਰਣ ਵਿਚ ਨਿਯਮਾਂ ਦੇ 127 ਪੰਨੇ, ਅਨੁਸੂਚੀਆਂ (Schedules) ਦੇ 133 ਪੰਨੇ ਅਤੇ ਇੰਡੈਕਸ ਦੇ 106 ਪੰਨੇ ਸਨ। ਕੋਲਨ ਵਰਗੀਕਰਣ ਵਿਚ ਵਰਤੇ ਗਏ ਸਿਧਾਂਤ ਰੰਗਾਨਾਥਨ ਦੀਆਂ ਖੋਜ ਭਰਪੂਰ ਲਿਖਤਾਂ ਤੇ ਆਧਾਰਤ ਹਨ। ਲਾਇਬਰੇਰੀ ਵਰਗੀਕਰਣ ਨਾਲ ਸਬੰਧਤ ਲਿਖਤਾਂ ਦਾ ਮੁੱਖ ਸ੍ਰੋਤ ਡਾ. ਰੰਗਾਨਾਥਨ ਦੀ ਵਿਸ਼ਵ ਪ੍ਰਸਿੱਧ ਪੁਸਤਕ "ਪ੍ਰਾਲੀਗਾਮੀਨਾ ਟੂ ਲਾਇਬਰੇਰੀ ਕਲਾਸੀਫਿਕੇਸ਼ਨ" (1937,1957,1967) ਮੰਨੀ ਜਾਂਦੀ ਹੈ।

### ਕੋਲਨ ਵਰਗੀਕਰਣ ਵਿਚ ਲੁਪਤ ਸਿਧਾਂਤ

ਵਿਸ਼ਵ ਦੇ ਵਰਗੀਕਰਣ ਦੇ ਇਤਿਹਾਸ ਵਿਚ ਰੰਗਾਨਾਥਨ ਪਹਿਲੇ ਵਰਗਾਚਾਰੀਆ (Classificationist) ਹੋਏ ਹਨ ਜਿਨ੍ਹਾਂ ਨੇ ਵਰਗੀਕਰਣ ਪ੍ਰਣਾਲੀ ਬਣਾਉਣ ਲਈ ਵਿਗਿਆਨਕ ਤੌਰ ਤੇ ਨਿੱਗਰ ਸਿਧਾਂਤਾਂ ਦਾ ਵਿਕਾਸ ਕੀਤਾ। ਇਹ ਸਿਧਾਂਤ ਉਨ੍ਹਾਂ ਦੀ ਪਹਿਲੀ ਵਾਰ 1937 ਵਿਚ ਛਪੀ ਪ੍ਰਮੁੱਖ ਪੁਸਤਕ "ਪ੍ਰਾਲੀਗਾਮੀਨਾ ਟੂ ਲਾਇਬਰੇਰੀ ਕਲਾਸੀਫਿਕੇਸ਼ਨ" ਵਿਚ ਵਿਸਤਾਰ ਸਹਿਤ ਬਿਆਨੇ ਗਏ ਹਨ। ਪ੍ਰਾਲੀਗਾਮੀਨਾ ਦੇ ਤਿੰਨ ਸੰਸਕਰਣ ਛਪ ਚੁੱਕੇ ਹਨ। ਇਸਦਾ ਤੀਜਾ ਤੇ ਆਖਰੀ ਸੰਸਕਰਣ 1967 ਵਿਚ ਛਪਿਆ ਸੀ। ਰੰਗਾਨਾਥਨ ਨੇ ਸੂਤਰਾਂ (Canons) ਨੂੰ ਆਧਾਰ ਮੰਨ ਕੇ ਕੋਲਨ ਵਰਗੀਕਰਣ ਵਿਕਸਿਤ ਕੀਤੀ। ਇਹ ਗੁਣਾਂ (characteristics) ਦੇ ਸੂਤਰ; ਪੰਗਤੀ (Array) ਦੇ ਸੂਤਰ, ਲੜੀ (chain) ਦੇ ਸੂਤਰ, ਬੰਸ-ਕ੍ਰਮ (Filiatory Sequence) ਦੇ ਸੂਤਰ, ਤਕਨੀਕੀ ਸ਼ਬਦਾਵਲੀ (Terminology) ਦੇ ਸੂਤਰ, ਸੰਕੇਤਨ ਦੇ ਸੂਤਰ, ਗਿਆਨ ਵਰਗੀਕਰਣ ਦੇ ਸੂਤਰ ਅਤੇ ਪੁਸਤਕ ਵਰਗੀਕਰਣ ਦੇ ਸੂਤਰ ਵਜੋਂ ਜਾਣੇ ਜਾਂਦੇ ਹਨ। ਰੰਗਾਨਾਥਨ ਨੇ ਨਿਯਮਾਂ (Principles) ਅਤੇ ਅਭਿਧਾਰਣਾਵਾਂ (Postulates) ਦੀ ਸਿਰਜਣਾ ਵੀ ਕੀਤੀ। ਰੰਗਾਨਾਥਨ ਦੁਆਰਾ ਸਿਰਜਣ ਕੀਤੇ ਗਏ ਸੂਤਰ, ਨਿਯਮ ਅਤੇ ਅਭਿਧਾਰਣਾਵਾਂ ਉਨਾਂ ਦੀ ਪੁਸਤਕ "ਪ੍ਰਾਲੀਗਾਮੀਨਾ ਟੂ ਲਾਇਬਰੇਰੀ ਕਲਾਸੀਫਿਕੇਸ਼ਨ" ਪੁਸਤਕ ਵਿਚ ਮਿਲਦੇ ਹਨ। ਮੂਲ ਸ਼੍ਰੇਣੀਆਂ ਦੀਆਂ ਅਭਿਧਾਰਣਾਵਾਂ ਜਿਹੜੀਆਂ ਕਿ ਕੋਲਨ ਵਰਗੀਕਰਣ ਦਾ ਆਧਾਰ ਮੰਨੀਆਂ ਜਾਂਦੀਆਂ ਹਨ, ਉਨ੍ਹਾਂ ਦੀ ਗਤੀਸ਼ੀਲ ਥਿਊਰੀ ਦਾ ਅੰਗ ਮੰਨੇ ਗਏ ਹਨ।

**ਕੋਲਨ ਵਰਗੀਕਰਣ ਦੇ ਵੱਖ ਵੱਖ ਸੰਸਕਰਣਾਂ ਦਾ ਸੰਖੇਪ ਵਰਨਣ**

**ਪਹਿਲਾ ਸੰਸਕਰਣ (1933)**

ਕੋਲਨ ਵਰਗੀਕਰਣ (ਸੀ.ਸੀ.) ਪਹਿਲੀ ਵਾਰ 1933 ਵਿਚ ਪ੍ਰਕਾਸ਼ਿਤ ਹੋਈ। ਪਹਿਲੇ ਸੰਸਕਰਣ ਦੇ ਤਿੰਨ ਭਾਗ ਸਨ। ਭਾਗ 1 ਵਿਚ ਨਿਯਮਾਂ ਦੀ ਵਿਆਖਿਆ, ਭਾਗ 2 ਵਿਚ ਅਨੁਸੂਚੀਆਂ; ਅਤੇ ਭਾਗ 3 ਵਿਚ ਇੰਡੈਕਸ ਮਿਲਦਾ ਹੈ। ਕੋਲਨ ਵਰਗੀਕਰਣ ਵਿਚ ਮਿਸ਼ਰਿਤ ਸੰਕੇਤਨ (Mixed Notation) ਦੀ ਵਰਤੋਂ ਕੀਤੀ ਗਈ ਹੈ। ਮਿਸ਼ਰਿਤ ਸੰਕੇਤਨ ਵਿਚ 26 ਵੱਡੇ ਰੋਮਨ ਅੱਖਰ ਮੁੱਖ ਵਰਗਾਂ ਵਜੋਂ ਵਰਤੇ ਗਏ ਹਨ। ਹਿੰਦ-ਅਰਬੀ ਅੰਕਾਂ ਅਤੇ ਅੰਗਰੇਜ਼ੀ ਭਾਸ਼ਾ ਦੇ ਛੋਟੇ ਅੱਖਰਾਂ ਦੀ ਵਰਤੋਂ ਵੀ ਕੀਤੀ ਗਈ ਹੈ। ਹਰ ਇਕ ਮੁੱਖ ਵਰਗ ਲਈ ਅੱਡ ਪਹਿਲੂ ਫਾਰਮੂਲਾ (Facet Farmula) ਦਿੱਤਾ ਗਿਆ ਹੈ। ਇਸ ਸੰਸਕਰਣ ਵਿਚ ਵੱਖ-ਵੱਖ ਪਹਿਲੂਆਂ ਨੂੰ ਮੁੱਖ ਵਰਗ ਨਾਲ ਜੋੜਨ ਲਈ ਕੋਲਨ (:) ਨੂੰ ਯੋਜਕ ਚਿੰਨ੍ਹ ਵਜੋਂ ਵਰਤਿਆ ਗਿਆ ਹੈ।

**ਦੂਜਾ ਸੰਸਕਰਣ (1939)**

ਦੂਜਾ ਸੰਸਕਰਣ 1939 ਵਿਚ ਪ੍ਰਕਾਸ਼ਿਤ ਹੋਇਆ। ਇਸ ਸੰਸਕਰਣ ਵਿਚ ਅਸ਼ਟਕ ਨਿਯਮ (Octave Principle) ਅਤੇ ਅਧਿਆਰੋਪਣ (Autobias) ਦੇ 2 ਨਵੇਂ ਸੰਕਲਪ ਸੰਮਿਲਿਤ ਕੀਤੇ ਗਏ। ਇਸ ਵਿਚ ਪਹਿਲੀ ਵਾਰ ਵਿਅਕਤਿਤਵ (personality), ਪਦਾਰਥ (matter), ਊਰਜਾ (energy), ਥਾਂ (space) ਅਤੇ ਕਾਲ (time) ਦੇ ਰੂਪ ਵਿਚ 5 ਮੂਲ-ਭੂਤ ਸ਼੍ਰੇਣੀਆਂ ਦਾ ਸੰਕਲਪ ਉਜਾਗਰ ਕੀਤਾ ਗਿਆ। ਆਤਮਕ-ਤਜਰਬਾ ਅਤੇ ਰਹੱਸਵਾਦ (Spiritual Experience and Mysticism) ਨਾਂ ਦਾ ਮੁੱਖ ਵਰਗ ਵੀ ਜੋੜਿਆ ਗਿਆ। ਪਹਿਲੇ ਸੰਸਕਰਣ ਦੇ ਤਿੰਨ ਭਾਗਾਂ ਤੋਂ ਅਲਹਿਦਾ ਇਕ ਹੋਰ ਚੌਥਾ ਭਾਗ ਜੋੜਿਆ ਗਿਆ। ਚੌਥੇ ਭਾਗ ਵਿਚ ਪਹਿਲੇ ਭਾਗ ਵਿਚ ਦਿੱਤੇ ਨਿਯਮਾਂ ਅਨੁਸਾਰ ਵਰਗੀਕਰਣ ਕੀਤੀਆਂ 3,000 ਉਦਾਹਰਣਾਂ ਮਿਲਦੀਆਂ ਹਨ।

**ਤੀਜਾ ਸੰਸਕਰਣ (1950)**

ਲਾਇਬਰੇਰੀ ਵਰਗੀਕਰਣ ਦੀ ਗਤੀਸ਼ੀਲ ਥਿਊਰੀ (Dynamic Theory) ਤੇ ਆਧਾਰਤ ਤੀਜਾ ਸੰਸਕਰਣ 1950 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਪੰਜ ਮੂਲ ਸ਼੍ਰੇਣੀਆਂ ਦੀਆਂ ਅਭਿਧਾਰਣਾਵਾਂ (Postulates) ਨੂੰ ਕੋਲਨ ਵਰਗੀਕਰਣ ਦੇ ਪਹਿਲੂ ਫਾਰਮੂਲੇ ਦਾ ਆਧਾਰ ਬਣਾਇਆ ਗਿਆ। ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਵਿਅਕਤਿਤਵ, ਪਦਾਰਥ, ਊਰਜਾ, ਥਾਂ ਅਤੇ ਕਾਲ ਪੰਜ ਮੂਲ ਸ਼੍ਰੇਣੀਆਂ ਦੇ ਰੂਪ ਵਿਚ ਪਛਾਣੀਆਂ ਗਈਆਂ ਹਨ। ਹਰ ਇਕ ਮੂਲ ਸ਼੍ਰੇਣੀ ਨੂੰ ਮੁੱਖ ਵਰਗ ਨਾਲ ਜੋੜਨ ਲਈ ਅੱਡ ਅੱਡ ਯੋਜਕ-ਚਿੰਨ੍ਹ ਦਿੱਤਾ ਗਿਆ ਹੈ।

**ਚੌਥਾ ਸੰਸਕਰਣ (1952)**

ਕੋਲਨ ਵਰਗੀਕਰਣ ਦਾ ਚੌਥਾ ਸੰਸਕਰਣ 1952 ਵਿਚ ਛਪਿਆ। ਇਸ ਸੰਸਕਰਣ ਵਿਚ ਚੱਕਰਾਂ (Rounds) ਅਤੇ ਪੱਧਰਾਂ (Levels) ਦਾ ਨਵਾਂ ਸੰਕਲਪ ਸੰਮਿਲਿਤ ਕੀਤਾ ਗਿਆ ਹੈ। ਪੰਜ ਮੂਲ ਸ਼੍ਰੇਣੀਆਂ ਦੇ ਸੰਕਲਪ ਨੂੰ ਸਥੂਲ ਰੂਪ ਵਿਚ ਵਰਤਿਆ ਗਿਆ ਅਤੇ ਹਰ ਇਕ ਸ਼੍ਰੇਣੀ ਨੂੰ ਅਲਹਿਦਾ ਯੋਜਕ ਚਿੰਨ੍ਹ - ਜਿਵੇਂ ਕਿ ਵਿਅਕਤਿਤਵ ਨੂੰ ਕੌਮਾ (,), ਪਦਾਰਥ ਨੂੰ ਸੈਮੀਕੋਲਨ (;), ਊਰਜਾ ਨੂੰ ਕੋਲਨ (:) ਅਤੇ ਥਾਂ ਅਤੇ ਕਾਲ ਸ਼੍ਰੇਣੀਆਂ ਨੂੰ ਡਾਟ (.) ਦਿੱਤੇ ਗਏ।

**ਪੰਜਵਾਂ ਸੰਸਕਰਣ (1957)**

ਪੰਜਵਾਂ ਸੰਸਕਰਣ 1957 ਵਿਚ ਪ੍ਰਕਾਸ਼ਿਤ ਹੋਇਆ। ਇਸ ਸੰਸਕਰਣ ਵਿਚ ਨਿਯਮਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਪ੍ਰਬੰਧ (Management), ਲੇਬਰ, ਖੇਤੀਬਾੜੀ, ਕੋਮਲ ਕਲਾਵਾਂ ਅਤੇ ਕਾਨੂੰਨ ਦੀਆਂ ਅਨੁਸੂਚੀਆਂ ਸੋਧ ਕੇ ਦੁਬਾਰਾ ਤਿਆਰ ਕੀਤੀਆਂ ਗਈਆਂ ਅਤੇ ਭਾਰਤ ਦੇ ਭੂਗੋਲਿਕ ਇਕੱਲਾਂ ਨੂੰ ਸੋਧਿਆ ਗਿਆ ਹੈ। ਇਸ ਸੰਸਕਰਣ ਵਿਚ ਚੌਥੇ ਸੰਸਕਰਣ ਵਿਚ ਵਰਤੇ ਗਏ ਗਰੀਕ ਅੱਖਰਾਂ ਦੀ ਥਾਂ ਖਾਲੀ ਅਤੇ ਖਾਲੀ ਕਰਨ ਵਾਲੇ ਪਦਾਂ ਦੀ ਵਰਤੋਂ ਕੀਤੀ ਗਈ ਹੈ। ਥਾਂ ਅਤੇ ਕਾਲ ਸ਼੍ਰੇਣੀਆਂ ਦੇ ਦੂਜੇ ਪੱਧਰ (Levels) ਵੀ ਤਿਆਰ ਕੀਤੇ ਗਏ।

**ਛੇਵਾਂ ਸੰਸਕਰਣ (1960)**

ਛੇਵਾਂ ਸੰਸਕਰਣ 1960 ਵਿਚ ਪ੍ਰਕਾਸ਼ਿਤ ਕੀਤਾ ਗਿਆ। ਮੁੱਖ-ਵਿਸ਼ਿਆਂ ਦੀਆਂ ਵੱਖ-ਵੱਖ ਸਾਰਣੀਆਂ ਵਿਚ ਬਹੁਤ ਸਾਰੇ ਬਦਲਾਵ ਕੀਤੇ ਗਏ। ਹੇਠ ਲਿਖੀਆਂ ਅਨੁਸੂਚੀਆਂ ਨੂੰ ਪੂਰੀ ਤਰ੍ਹਾਂ ਸੋਧਿਆ ਗਿਆ :

- ਸਿੱਖਿਆ
- ਨਿਊਕਲੀਅਰ ਫਿਜਿਕਸ ਅਤੇ ਨਿਊਕਲੀਅਰ ਇੰਜੀਨੀਅਰਿੰਗ
- ਸਾਂਝੇ ਊਰਜਾ ਇਕੱਲ
- ਥਾਂ ਅਤੇ ਕਾਲ ਦੇ ਦੂਜੇ ਪੱਧਰ

ਸ਼ਬਦ-ਸੰਖੇਪਾਂ (contractions) ਬਾਰੇ ਛੇਵਾਂ ਅਧਿਆਇ, ਵਰਗੀਕਰਣ ਬਾਰੇ 7ਵਾਂ ਅਧਿਆਇ ਅਤੇ ਨਿਯਮਾਂ ਅਤੇ ਅਭਿਧਾਰਣਾਵਾਂ ਬਾਰੇ 8ਵਾਂ ਅਧਿਆਇ ਨਵੇਂ ਲਿਖ ਕੇ ਜੋੜੇ ਗਏ। ਅਨੁਸੂਚੀਆਂ ਵਿਚ ਦਸ਼ਾ-ਸੰਬੰਧ (Phase Relation), ਅੰਤਰ-ਪਹਿਲੂ ਸੰਬੰਧ ਅਤੇ ਅੰਤਰ-ਪੰਗਤੀ ਸੰਬੰਧ ਵੀ ਜੋੜੇ ਗਏ। 6ਵੇਂ ਸੰਸਕਰਣ ਨੂੰ ਕੁਝ ਸੋਧਾਂ ਸਮੇਤ ਦੁਬਾਰਾ ਛਾਪਿਆ ਗਿਆ। ਇਸ ਸੰਸਕਰਣ ਵਿਚ ਕਾਲ ਸ਼੍ਰੇਣੀ ਦੀ ਪਛਾਣ ਲਈ ਯੋਜਕ-ਚਿੰਨ੍ਹ ਡਾਟ (.) ਦੀ ਵਰਤੋਂ ਬੰਦ ਕਰ ਦਿੱਤੀ ਗਈ ਅਤੇ ਇਸਦੇ ਬਦਲ ਵਜੋਂ ਪੁੱਠਾ ਕਾਮਾ (') ਦੀ ਵਰਤੋਂ ਆਰੰਭ ਕੀਤੀ ਗਈ। ਛੇਵੇਂ ਸੰਸਕਰਣ ਵਿਚ ਕੀਤੀਆਂ ਗਈਆਂ ਵੱਡੀਆਂ ਸੋਧਾਂ ਨੂੰ ਪੰਨਾ ਨੰ. 19-28 ਤੇ ਇਕ ਅਨੁਲੱਗ (Annexture) ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

**ਸੱਤਵਾਂ ਸੰਸਕਰਣ (1987)**

ਐਮ.ਏ. ਗੋਪੀਨਾਥ ਦੁਆਰਾ ਸੰਪਾਦਿਤ 7ਵਾਂ ਸੰਸਕਰਣ 1987 ਵਿਚ ਪ੍ਰਕਾਸ਼ਿਤ ਕੀਤਾ ਗਿਆ। ਕੋਲਨ ਵਰਗੀਕਰਣ ਦਾ ਵੱਡੀਆਂ ਤਬਦੀਲੀਆਂ ਵਾਲਾ 7ਵਾਂ ਸੰਸਕਰਣ ਡਾ. ਰੰਗਾਨਾਥਨ ਦੇ 24 ਸਤੰਬਰ 1972 ਨੂੰ ਅਕਾਲ ਚਲਾਣੇ ਉਪਰੰਤ ਛਪਿਆ। ਪਰ ਹੁਣ ਤਕ ਇਸਦਾ ਇੰਡੈਕਸ ਪ੍ਰਕਾਸ਼ਿਤ ਨਹੀਂ ਹੋ ਸਕਿਆ ਹੈ। ਹੁਣ ਇੰਡੈਕਸ ਸੀ.ਡੀ.ਰੋਮ (CD-ROM) ਤੇ ਉਪਲਬਧ ਹੋ ਗਿਆ ਹੈ।

## ਸੰਕੇਤਨ ਪ੍ਰਣਾਲੀ

ਕੋਲਨ ਵਰਗੀਕਰਣ ਵਿਚ ਵਰਗਾਂ (classes) ਨੂੰ ਵਿਅਕਤ ਕਰਨ ਲਈ ਮਿਸ਼ਰਿਤ ਸੰਕੇਤਨ ਦੀ ਵਰਤੋਂ ਕੀਤੀ ਗਈ ਹੈ। ਸੀ. ਸੀ. ਦੀ ਸੰਕੇਤਨ ਵਿਚ ਹੇਠ ਲਿਖੇ ਸੰਕੇਤ ਚਿੰਨ੍ਹ ਵਰਤੇ ਗਏ ਹਨ :

| | |
|---|---|
| 10 | ਹਿੰਦ-ਅਰਬੀ ਅੰਕ (0-9) |
| 26 | ਰੋਮਨ ਅੱਖਰ (ਅੰਗ੍ਰੇਜ਼ੀ ਦੇ ਵੱਡੇ ਅੱਖਰ A-Z) |
| 23 | ਰੋਮਨ ਅੱਖਰ (ਅੰਗ੍ਰੇਜ਼ੀ ਦੇ ਛੋਟੇ ਅੱਖਰ i, l ਤੇ o ਨੂੰ ਛੱਡ ਕੇ) |
| 01 | ਗ੍ਰੀਕ ਅੱਖਰ-ਡੈਲਟਾ |
| 02 | ਗੋਲ ਬ੍ਰੈਕਟਾਂ |
| 06 | ਯੋਜਕ ਚਿੰਨ੍ਹਾਂ ਵਜੋਂ ਵਿਰਾਮ ਚਿੰਨ੍ਹ (, . ; : ' ਅਤੇ -) |
| 02 | ਸਿੱਧੇ ਅਤੇ ਪੁੱਠੇ ਤੀਰ ( → , ← ) |

## ਪ੍ਰੈਕਟੀਕਲ ਜਾਂ ਵਿਹਾਰਕ ਵਰਗੀਕਰਣ ਲਈ ਨੌਂ-ਕਦਮ

ਡਾ. ਰੰਗਾਨਾਥਨ ਨੇ ਅਭਿਧਾਰਣਾਵਾਂ (Postulates) ਅਤੇ ਨਿਯਮਾਂ ਦੀ ਲੋਅ ਵਿਚ ਵਿਹਾਰਕ ਵਰਗੀਕਰਣ ਲਈ 9 ਕਦਮ ਸੁਝਾਏ ਹਨ। ਵਿਹਾਰਕ ਵਰਗੀਕਰਣ ਸਿੱਖਣ ਵਾਲਿਆਂ ਨੂੰ ਹਰੇਕ ਕਦਮ ਬਾਰੇ ਚਿੰਤਨ ਕਰ ਲੈਣਾ ਚਾਹੀਦਾ ਹੈ।

ਨੌ ਕਦਮ ਹੇਠ ਲਿਖੇ ਅਨੁਸਾਰ ਹਨ :

| | |
|---|---|
| ਕਦਮ 0 | ਕੱਚਾ ਸਿਰਲੇਖ (Raw Title) |
| ਕਦਮ 1 | ਪੂਰਾ ਸਿਰਲੇਖ (Full Title) |
| ਕਦਮ 2 | ਬੀਜ ਸ਼ਬਦਾਂ ਵਿਚ ਸਿਰਲੇਖ (Title in Kernel Terms) |
| ਕਦਮ 3 | ਵਿਸ਼ਲੇਸ਼ਿਤ ਸਿਰਲੇਖ (Analysed Title) |
| ਕਦਮ 4 | ਰੂਪਾਂਤ੍ਰਿਤ ਸਿਰਲੇਖ (Transformed Title) |
| ਕਦਮ 5 | ਪ੍ਰਮਾਣਿਤ ਸ਼ਬਦਾਂ ਵਿਚ ਸਿਰਲੇਖ (Title in Standard Terms) |
| ਕਦਮ 6 | ਪਹਿਲੂ ਅੰਕਾਂ ਵਿਚ ਸਿਰਲੇਖ (Title in Facet Numbers) |
| ਕਦਮ 7 | ਵਿਸ਼ੇ ਦਾ ਵਰਗ ਅੰਕ (Class Number of the Subject) |
| ਕਦਮ 8 | ਪ੍ਰਮਾਣੀਕਰਣ (Verification) |

ਇਨ੍ਹਾਂ ਨੌਂ ਕਦਮਾਂ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਹੈ :

**ਕਦਮ 0 – ਕੱਚਾ ਸਿਰਲੇਖ :–** ਪੁਸਤਕ ਦੇ ਪਹਿਲੇ ਪੰਨੇ ਤੇ ਲਿਖਿਆ ਸਿਰਲੇਖ ਕੱਚਾ ਸਿਰਲੇਖ ਮੰਨਿਆ ਜਾਂਦਾ ਹੈ। ਪ੍ਰੀਖਿਆ ਵਿਚ ਕਿਉਂਕਿ ਪੁਸਤਕਾਂ ਉਪਲਬਧ ਨਹੀਂ ਹੁੰਦੀਆਂ ਇਸ ਲਈ ਉਪਲਬਧ ਕਰਾਏ ਗਏ ਸਿਰਲੇਖ ਨੂੰ ਹੀ ਕੱਚਾ ਸਿਰਲੇਖ ਮੰਨ ਲਿਆ ਜਾਣਾ ਚਾਹੀਦਾ ਹੈ।

**ਕਦਮ 1– ਪੂਰਾ ਸਿਰਲੇਖ :–** ਕੱਚੇ ਸਿਰਲੇਖ ਦਾ ਵਿਸਤਾਰ ਕੀਤਾ ਜਾਂਦਾ ਹੈ ਅਤੇ ਘਾਟਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਜੇਕਰ ਮੁੱਖ ਵਿਸ਼ੇ ਦਾ ਨਾਂ ਸਪਸ਼ਟ ਨਾ ਹੁੰਦਾ ਹੋਵੇ ਤਾਂ ਉਸਨੂੰ ਸਪਸ਼ਟ ਕਰਕੇ ਲਿਖਣਾ ਅਤੇ ਸੰਯੁਕਤ ਸ਼ਬਦਾਂ ਨੂੰ ਤੋੜਨਾ ਤਾਂ ਜੋ ਉਨਾਂ ਦੇ ਆਧਾਰ ਪਹਿਲੂਆਂ ਦਾ ਪਤਾ ਲਗ ਸਕੇ।

**ਕਦਮ 2 – ਬੀਜ ਸ਼ਬਦਾਂ ਵਿਚ ਸਿਰਲੇਖ :–** ਪੂਰੇ ਸਿਰਲੇਖ ਵਿਚ ਆਏ ਬੇਲੋੜੇ ਸ਼ਬਦਾਂ ਅਤੇ ਯੋਜਕ ਚਿੰਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਨਿਰੋਲ ਸਾਰਥਕ ਜਾਂ ਬੀਜ ਸ਼ਬਦਾਂ ਨੂੰ ਲਿਖ ਲਿਆ ਜਾਂਦਾ ਹੈ। ਹਰ ਇਕ ਬੀਜ ਸ਼ਬਦ ਨੂੰ ਇਕ ਵਚਨ ਕਰਤਾ ਰੂਪ ਵਿਚ ਲਿਆ ਜਾਂਦਾ ਹੈ ਅਤੇ ਬੀਜ ਸ਼ਬਦਾਂ ਦੇ ਪਹਿਲੇ ਅੱਖਰ ਵੱਡੇ ਕਰ ਲਏ ਜਾਂਦੇ ਹਨ।

**ਕਦਮ 3 – ਵਿਸ਼ਲੇਸ਼ਿਤ ਸਿਰਲੇਖ :–** ਬੀਜ ਸ਼ਬਦਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਪਤਾ ਲਗਾਇਆ ਜਾਂਦਾ ਹੈ ਕਿ ਕਿਹੜਾ ਬੀਜ ਸ਼ਬਦ ਕਿਸ ਮੂਲ ਸ਼੍ਰੇਣੀ ਨੂੰ ਪ੍ਰਗਟਾਉਂਦਾ ਹੈ। ਉਸ ਤੋਂ ਬਾਅਦ ਬੀਜ ਸ਼ਬਦ ਨਾਲ ਸੰਬੰਧਿਤ ਮੂਲ ਸ਼੍ਰੇਣੀ ਦੇ ਚੱਕਰਾਂ ਅਤੇ ਪੱਧਰਾਂ ਬਾਰੇ ਅਨੁਮਾਨ ਲਗਾਇਆ ਜਾਂਦਾ ਹੈ।

**ਕਦਮ 4 – ਰੂਪਾਂਤ੍ਰਿਤ ਸਿਰਲੇਖ :–** ਵਿਸ਼ਲੇਸ਼ਿਤ ਸਿਰਲੇਖ ਨੂੰ ਮੂਲ ਸ਼੍ਰੇਣੀਆਂ ਦੇ ਪਹਿਲੂ ਕ੍ਰਮ ਅਨੁਸਾਰ ਤਰਤੀਬ ਦੇ ਦਿੱਤੀ ਜਾਂਦੀ ਹੈ, ਭਾਵ ਮੁੱਖ ਵਿਸ਼ੇ ਦੇ ਨਾਲ ਕ੍ਰਮਵਾਰ ਵਿਅਕਤਿਤਵ, ਪਦਾਰਥ, ਊਰਜਾ, ਥਾਂ ਅਤੇ ਕਾਲ ਸ਼੍ਰੇਣੀਆਂ ਦੇ ਬੀਜ ਸ਼ਬਦਾਂ ਨੂੰ ਤਰਤੀਬਵਾਰ ਲਿਖ ਲਿਆ ਜਾਂਦਾ ਹੈ।

**ਕਦਮ 5 – ਪ੍ਰਮਾਣਿਕ ਸ਼ਬਦਾਂ ਵਿਚ ਸਿਰਲੇਖ :–** ਜੇਕਰ ਕੋਈ ਬੀਜ ਸ਼ਬਦ ਵਰਗੀਕਰਣ ਵਿਚ ਵਰਤੀ ਗਈ ਪ੍ਰਮਾਣਿਕ ਸ਼ਬਦਾਵਲੀ ਨਾਲ ਮੇਲ ਨਾ ਖਾਂਦਾ ਹੋਵੇ ਤਾਂ ਉਸਨੂੰ ਵਰਗੀਕਰਣ ਪ੍ਰਣਾਲੀ ਦੀ ਅਨੁਸੂਚੀ ਵਿਚ ਦਿੱਤੇ ਸਮਾਨਾਰਥਕ ਸ਼ਬਦ ਨਾਲ ਬਦਲ ਕੇ ਲਿਖ ਲਿਆ ਜਾਂਦਾ ਹੈ। ਇਹ ਕੰਮ ਸ਼ਾਬਦਿਕ ਧਰਾਤਲ ਦਾ ਹੁੰਦਾ ਹੈ।

**ਕਦਮ 6 – ਪਹਿਲੂ ਸੰਖਿਆਵਾਂ ਵਿਚ ਸਿਰਲੇਖ :–** ਪ੍ਰਮਾਣਿਕ ਸ਼ਬਦਾਂ ਦੀ ਥਾਂ ਸੰਬੰਧਿਤ ਵਰਗ ਦੀ ਅਨੁਸੂਚੀ ਵਿਚ ਦਿੱਤੀਆਂ ਸੰਖਿਆਵਾਂ ਲੈ ਲੈਂਦੀਆਂ ਹਨ।

**ਕਦਮ 7 – ਵਿਸ਼ੇ ਦੀ ਵਰਗ ਸੰਖਿਆ :–** ਇਸ ਕਦਮ ਵਿਚ ਪਹਿਲੂ ਸੰਖਿਆਵਾਂ ਨੂੰ ਸੰਬੰਧਤ ਵਰਗ ਦੇ ਪਹਿਲੂ ਫਾਰਮੂਲੇ ਅਨੁਸਾਰ ਜੋੜ ਕੇ ਵਰਗ ਸੰਖਿਆ ਬਣਾ ਲਈ ਜਾਂਦੀ ਹੈ। ਪਹਿਲੂ ਫਾਰਮੂਲੇ ਦੀ ਲੋੜ ਅਨੁਸਾਰ ਯੋਜਕ ਚਿੰਨ੍ਹਾਂ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ।

**ਕਦਮ 8 – ਪ੍ਰਮਾਣੀਕਰਣ :–** ਇਸ ਕਦਮ ਵਿਚ ਪਹਿਲੂ ਸੰਖਿਆਵਾਂ ਨੂੰ ਦੁਬਾਰਾ ਪ੍ਰਮਾਣਿਕ ਸ਼ਬਦਾਂ ਵਿਚ ਪਲਟਾਇਆ ਜਾਂਦਾ ਹੈ ਅਤੇ ਇਸ ਗੱਲ ਦੀ ਪੜਤਾਲ ਕੀਤੀ ਜਾਂਦੀ ਹੈ ਕਿ ਕੀ ਵਿਸ਼ਾ ਉਹੀ ਹੈ ਜਿਸਦਾ ਵਰਗੀਕਰਣ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਸੀ।

**ਉਦਾਹਰਣ :**

ਆਓ ਹੁਣ ਉਪਰ ਵਿਅਕਤ ਕੀਤੇ ਨੌਂ ਕਦਮਾਂ ਦੀ ਲੋਅ ਵਿਚ ਦਿੱਤੇ ਸਿਰਲੇਖ ਦਾ ਵਰਗੀਕਰਣ ਕਰਨ ਦਾ ਯਤਨ ਕਰਦੇ ਹਾਂ :

ਅਸੀਂ ਵਰਗ ਅੰਕ ਤਿਆਰ ਕਰਨ ਲਈ ਇਕ ਸਿਰਲੇਖ "Fluctuation of the Value of Gold Currency in the Second World War" ਲੈਂਦੇ ਹਾਂ।

**ਕਦਮ 0 : ਕੱਚਾ ਸਿਰਲੇਖ (Raw Title)**

ਜਿਵੇਂ ਉਪਰ ਦੱਸ ਚੁੱਕੇ ਹਾਂ ਕਦਮ 0 ਵਿਚ ਅਸੀਂ ਦਿੱਤਾ ਸਿਰਲੇਖ ਇੰਨ ਬਿੰਨ ਲਿਖ ਲੈਂਦੇ ਹਾਂ। ਇਸ ਅਨੁਸਾਰ "Fluctuation of the Value of Gold Currency in the Second World War" ਕੱਚਾ ਸਿਰਲੇਖ ਹੈ।

**ਕਦਮ 1 : ਪੂਰਾ ਸਿਰਲੇਖ (Expressive Title)**

ਇਸ ਕਦਮ ਵਿਚ ਅਸੀਂ ਵਿਸ਼ੇ ਨਾਲ ਸੰਬੰਧਿਤ ਅਤੇ ਹੋਰ ਲੋੜੀਂਦੇ ਪੱਖ ਉਜਾਗਰ ਕਰਦੇ ਹਾਂ। ਇਸ ਅਨੁਸਾਰ ਸਿਰਲੇਖ ਦਾ ਮੁੱਖ ਵਿਸ਼ਾ "Economics" ਹੈ। ਇਸ ਲਈ ਇਹ ਜੋੜ ਲੈਣਾ ਚਾਹੀਦਾ ਹੈ। ਇਕ ਹੋਰ ਇਕੱਲ (isolate) "War

Economics" ਵੀ ਜੋੜ ਲਿਆ ਜਾਣਾ ਚਾਹੀਦਾ ਹੈ। ਮੂਲ ਪਦ - "War Economics", "World" [S] ਅਤੇ "1940" [T] ਸਿਰਲੇਖ ਦੇ ਅਨਿੱਖੜਵੇਂ ਹਿੱਸੇ ਜਾਪਦੇ ਹਨ। ਹੁਣੇ ਹੁਣੇ ਬਿਆਨੇ ਤੱਥਾਂ ਨੂੰ ਜੋੜ ਕੇ ਪੂਰਾ ਸਿਰਲੇਖ ਕੁਝ ਇਸ ਪ੍ਰਕਾਰ ਬਣ ਜਾਵੇਗਾ "Fluctuation of Value of Gold Currency in War Economics in the World in 1940's".

**ਕਦਮ 2 : ਬੀਜ ਸ਼ਬਦਾਂ ਵਿਚ ਸਿਰਲੇਖ (Deriving the Kanel Title)**

ਇਸ ਕਦਮ ਵਿਚ ਸੰਬੰਧ ਸੂਚਕ ਸ਼ਬਦਾਂ ਅਤੇ 'A', 'An', 'The' ਆਦਿ ਸ਼ਬਦਾਂ ਨੂੰ ਸਿਰਲੇਖ ਵਿਚੋਂ ਹਟਾ ਦਿੱਤਾ ਜਾਂਦਾ ਹੈ, ਕਿਉਂਕਿ ਇਨ੍ਹਾਂ ਦਾ ਵਿਸ਼ੇ ਨਾਲ ਕੋਈ ਸੰਬੰਧ ਨਹੀਂ। ਇਸ ਲਈ ਇਨ੍ਹਾਂ ਨੂੰ ਸਿਰਲੇਖ ਵਿਚੋਂ ਕੱਟ ਕੇ ਹੇਠ ਲਿਖੇ ਅਨੁਸਾਰ ਬੀਜ ਸ਼ਬਦਾਂ ਵਿਚ ਸਿਰਲੇਖ ਲਿਖ ਲੈਂਦੇ ਹਾਂ : "Fluctuation Value. Gold.Currency.War Economics.World.1940".

**ਕਦਮ 3 : ਵਿਸ਼ਲੇਸ਼ਿਤ ਸਿਰਲੇਖ (Analyzed Title)**

ਬੀਜ ਸ਼ਬਦ "Economics" ਮੂਲ ਪਹਿਲੂ ਹੈ। ਇਸ ਲਈ ਇਸ ਨਾਲ ਚਿੰਨ੍ਹ (BC) ਲਿਖ ਲਿਆ ਜਾਂਦਾ ਹੈ। ਬੀਜ ਸ਼ਬਦ "1940's" ਕਾਲ ਪਹਿਲੂ ਵੱਲ ਸੰਕੇਤ ਕਰਦਾ ਹੈ ਇਸ ਲਈ ਇਸਦੇ ਨਾਲ ਚਿੰਨ੍ਹ [T] ਜੋੜ ਲਿਆ ਜਾਂਦਾ ਹੈ। ਇਸੇ ਤਰ੍ਹਾਂ ਕੰਮ ਕਰਦੇ ਹੋਏ 'ਥਾਂ' ਪਹਿਲੂ ਬੀਜ ਸ਼ਬਦ "World" ਨਾਲ [S] ਜੋੜ ਲਿਆ ਜਾਂਦਾ ਹੈ। ਬੀਜ ਸ਼ਬਦ "Fluctuations Value" ਨੂੰ "Business Cycle" ਸ਼ਬਦ ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ ਜਿਹੜਾ ਕਿ ਊਰਜਾ ਪਹਿਲੂ ਨੂੰ ਵਿਅਕਤ ਕਰਦਾ ਹੈ। ਇਸ ਲਈ ਇਸ ਨਾਲ [E] ਚਿੰਨ੍ਹ ਲਿਖ ਲਿਆ ਜਾਂਦਾ ਹੈ। ਬੀਜ ਸ਼ਬਦ "Gold" ਪਦਾਰਥ ਪਹਿਲੂ ਨੂੰ ਵਿਅਕਤ ਕਰਦਾ ਹੈ, ਜਿਸ ਕਰਕੇ ਇਸ ਨਾਲ [M] ਚਿੰਨ੍ਹ ਲਿਖ ਲਿਆ ਜਾਂਦਾ ਹੈ। ਬੀਜ ਸ਼ਬਦ "Currency" ਨੂੰ "Money" ਬੀਜ ਸ਼ਬਦ ਦੇ ਬਦਲ ਦੇ ਰੂਪ ਵਿਚ ਵਰਤਿਆ ਜਾਣ ਕਰਕੇ ਇਸ ਨਾਲ ਵਿਅਕਤਿਤਵ ਪਹਿਲੂ ਦਾ ਚਿੰਨ੍ਹ [P] ਲਿਖ ਲਿਆ ਜਾਂਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਇਹ ਟੈਲੀਸਕੋਪਡ ਪਹਿਲੂ ਦੇ ਰੂਪ ਵਿਚ ਦੂਜੇ ਪੱਧਰ ਦਾ ਵਿਅਕਤਿਤਵ ਪਹਿਲੂ ਬਣਦਾ ਹੈ। ਬੀਜ ਸ਼ਬਦ "War-Economics" ਪ੍ਰਣਾਲੀ ਪਹਿਲੂ ਹੈ।

ਉਪਰੋਕਤ ਵਿਆਖਿਆ ਨੂੰ ਧਿਆਨ ਵਿਚ ਰੱਖ ਕੇ ਅਸੀਂ ਵਿਸ਼ਲੇਸ਼ਿਤ ਸਿਰਲੇਖ ਇਸ ਪ੍ਰਕਾਰ ਲਿਖਦੇ ਹਾਂ : "Fluctuation Value [E] Gold [M] Currency [P] War Economics [System] Economics (BC) World [S] 1940's [T]." ਇਸ ਸਾਰੀ ਪ੍ਰਕ੍ਰਿਆ ਨੂੰ ਪਹਿਲੂ ਵਿਸ਼ਲੇਸ਼ਣ ਆਖਿਆ ਜਾਂਦਾ ਹੈ।

**ਕਦਮ 4 : ਰੂਪਾਂਤ੍ਰਿਤ ਸਿਰਲੇਖ (Transformed Title)**

ਇਕ ਸਿਰਲੇਖ ਵਿਚ ਇਕ ਮੂਲ ਸ਼੍ਰੇਣੀ ਇਕ ਵਾਰ ਹੀ ਆਉਂਦੀ ਹੈ। ਤਰਤੀਬ ਦੀ ਅਭਿਧਾਰਣਾ (Postulate) ਨੂੰ ਧਿਆਨ ਵਿਚ ਰੱਖ ਕੇ ਪਹਿਲੂਆਂ ਨੂੰ ਇਸ ਪ੍ਰਕਾਰ ਤਰਤੀਬ ਦਿੱਤੀ ਜਾ ਸਕਦੀ ਹੈ : (BC)[P][M][E][S][T]। ਇਸ ਪ੍ਰਕਾਰ ਦੀ ਬਣਤਰ ਨੂੰ ਧਿਆਨ ਵਿਚ ਰੱਖ ਕੇ ਦਿੱਤੀ ਉਦਾਹਰਣ ਦੇ ਪਹਿਲੂਆਂ ਨੂੰ ਹੇਠ ਲਿਖੇ ਅਨੁਸਾਰ ਤਰਤੀਬਤ ਕੀਤਾ ਜਾਵੇਗਾ :

Economics (BC),
War Economics (System),
Currency [P],
Gold [M],
Value Fluctuation [E]
World (S) 1940's [T]

**ਕਦਮ 5 : ਪ੍ਰਮਾਣਿਤ ਸ਼ਬਦਾਂ ਵਿਚ ਸਿਰਲੇਖ (Standard Terms)**

Economics (BC), War Economics [System], Money (P), Gold [M], Business Cycle [E], Value Fluctuation, World [S], 1940's (T).

**ਕਦਮ 6 : ਪਹਿਲੂ ਅੰਕਾਂ ਵਿਚ ਸਿਰਲੇਖ (Title in Facet Numbers)**

X (BC) XB (System) 61 [P] 1 [M] 74 [E] 1 [S] N4 [T]

**ਕਦਮ 7 : ਵਿਸ਼ੇ ਦਾ ਵਰਗ ਅੰਕ (Class Number)**

XB, 61;1:74.1 'N4

ਪਾਠਕ ਨੋਟ ਕਰਨ ਇਸ ਕੇਸ ਵਿਚ ਪ੍ਰਣਾਲੀ (System) ਮੁੱਖ ਵਿਸ਼ੇ ਦੀ ਥਾਂ ਆ ਗਿਆ ਹੈ, ਇਸ ਲਈ X (BC) ਨੂੰ ਛੱਡ ਦਿੱਤਾ ਗਿਆ ਹੈ।

**ਕਦਮ 8 : ਪ੍ਰਮਾਣੀਕਰਣ (Verification)**

| | | |
|---|---|---|
| X | = | Economics |
| XB | = | War Economics [System] |
| XB, | = | [Transition to the next [P]] |
| XB,6 | = | Credit transactions in War economics |
| XB,61 | = | Money transactions in War economics |
| XB,61; | = | [Transition to next [M]] |
| XB,61;1 | = | Gold currency in War economics |
| XB,61;1: | = | [Transition to the next [E]] |
| XB,61;1:7 | = | Value of gold currency in war economics |
| XB,61;1:74 | = | Business cycle of gold currency in war economics (Fluctuation of the value of gold currency in war economics) |
| XB,61;1:74. | = | [Transition to the next [S]] |
| XB,61;1:74.1 | = | Business cycle of gold currency in war economics in the World. |
| XB,61;1:74.1' | = | [Transition to the next (T)] |
| XB,61;1:74.1 'N | = | Business cycle of gold currency in war economics in the world in the 20th century. |
| XB,61;1:74.1'N4 | = | Business cycle of gold currency in war economics in the World in the 1940. |

ਇਹ ਦਿੱਤੇ ਸਿਰਲੇਖ "Fluctuation of the value of gold currency during the Second World War" ਨਾਲ ਮੇਲ ਖਾਂਦਾ ਹੈ।

ਪਾਠ ਨੰ. 1.2 ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ. ਪੀ.ਸਿੰਘ
ਅਨੁਵਾਦਕ : ਡਾ. ਜਸਮੇਰ ਸਿੰਘ

## ਸਾਂਝੀਆਂ ਅਨੁਸੂਚੀਆਂ (Common Schedules)

**ਉਦੇਸ਼ :**

ਇਸ ਪਾਠ ਵਿਚ ਕੋਲਨ ਵਰਗੀਕਰਣ ਵਿਚ ਦਿੱਤੀਆਂ ਗਈਆਂ ਵੱਖ-ਵੱਖ ਸਾਂਝੀਆਂ ਅਨੁਸੂਚੀਆਂ ਦਾ ਵਰਨਣ ਕੀਤਾ ਗਿਆ ਹੈ, ਜਿਹੜੀਆਂ ਕਿ ਵਰਗ ਅੰਕ (Class Number) ਤਿਆਰ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਹ ਸਾਂਝੀਆਂ ਅਨੁਸੂਚੀਆਂ (Schedules) ਕੋਲਨ-ਵਰਗੀਕਰਣ ਦੇ ਸਾਰੇ ਮੂਲ ਵਰਗਾਂ ਤੇ ਸਮਾਨ ਰੂਪ ਵਿਚ ਲਾਗੂ ਹੁੰਦੀਆਂ ਹਨ। ਇਸ ਅਧਿਆਇ ਨੂੰ ਪੜ੍ਹਨ ਉਪਰੰਤ ਤੁਸੀਂ :

* ਥਾਂ ਅਤੇ ਕਾਲ ਦੀਆਂ ਸਾਂਝੀਆਂ ਸ਼੍ਰੇਣੀਆਂ ਦੇ ਗੁਣਾਂ ਨੂੰ ਸਮਝ ਸਕੋਗੇ;
* ਥਾਂ ਅਤੇ ਕਾਲ ਦੇ ਲਈ ਇਕੱਲੇ ਅੰਕ (Isolate Number) ਬਣਾ ਸਕੋਗੇ; ਅਤੇ
* ਭਾਸ਼ਾ ਦੀਆਂ ਸਾਂਝੀਆਂ ਅਨੁਸੂਚੀਆਂ ਦੀ ਵਰਤੋਂ ਕਰਨੀ ਸਿੱਖ ਸਕੋਗੇ।

ਕੋਲਨ ਵਰਗੀਕਰਣ (ਸੀ.ਸੀ.) ਵਿਚ ਇਕੱਲ (Isolate) ਗਿਆਨ ਦੀ ਸਭ ਤੋਂ ਛੋਟੀ ਇਕਾਈ ਮੰਨੀ ਗਈ ਹੈ। ਇਕੱਲ ਦੋ ਤਰ੍ਹਾਂ ਦੇ ਹੁੰਦੇ ਹਨ – ਸਾਂਝੇ ਇਕੱਲ ਅਤੇ ਵਿਸ਼ੇਸ਼ ਇਕੱਲ। ਸਾਂਝੇ ਇਕੱਲ ਸਾਰੇ ਮੁੱਖ ਵਰਗਾਂ ਨਾਲ ਲਗਾਏ ਜਾ ਸਕਦੇ ਹਨ। ਇਹ ਪ੍ਰਲੇਖਾਂ ਦੇ ਭੌਤਿਕ ਰੂਪ ਬਾਰੇ ਜਾਣਕਾਰੀ ਦਿੰਦੇ ਹਨ। ਇਹ ਵਿਸ਼ੇ ਦੀਆਂ ਵੰਡਾਂ ਲਈ ਨਹੀਂ ਵਰਤੇ ਜਾਂਦੇ। ਕਿਉਂਕਿ ਇਹ ਹਰ ਇਕ ਵਿਸ਼ੇ ਲਈ ਇਕੋ ਜਿਹੇ ਹੀ ਰਹਿੰਦੇ ਹਨ, ਇਸ ਲਈ ਇਨ੍ਹਾਂ ਨੂੰ ਸੀ.ਸੀ. ਵਿਚ ਇਕੋ ਥਾਂ ਤੇ ਪੰਨਾ ਨੰ. 2.5 – 2.6 ਤੱਕ ਦਿੱਤਾ ਗਿਆ ਹੈ। ਪਰ ਵਿਸ਼ੇਸ਼ ਇਕੱਲ ਹਰ ਇਕ ਵਿਸ਼ੇ ਲਈ ਅੱਡ-ਅੱਡ ਹੁੰਦੇ ਹਨ, ਜਿਸ ਕਰਕੇ ਇਨ੍ਹਾਂ ਨੂੰ ਵਿਸ਼ੇਸ਼ ਇਕੱਲ ਗਰਦਾਨਿਆ ਗਿਆ ਹੈ। ਪੰਜ ਮੂਲ ਸ਼੍ਰੇਣੀਆਂ ਲਈ ਬਣਾਏ ਜਾਂਦੇ ਸਾਰੇ ਇਕੱਲ ਵਿਸ਼ੇਸ਼ ਇਕੱਲ ਹੁੰਦੇ ਹਨ। ਪਰ ਥਾਂ ਅਤੇ ਕਾਲ ਸ਼੍ਰੇਣੀ ਦੇ ਇਕੱਲ ਹਰ ਇਕ ਵਿਸ਼ੇ ਲਈ ਇਕੋ ਕਿਸਮ ਦੇ ਰਹਿੰਦੇ ਹਨ। ਭਾਸ਼ਾ ਦੇ ਇਕੱਲ ਵੀ ਸਾਰੇ ਵਿਸ਼ਿਆਂ ਵਿਚ ਇਕੋ ਜਿਹੇ ਰਹਿੰਦੇ ਹਨ। ਮੁੱਖ ਵਰਗਾਂ ਸਾਹਿਤ (0) ਅਤੇ ਭਾਸ਼ਾ (P) ਦੀਆਂ ਅਨੁਸੂਚੀਆਂ ਲਈ ਭਾਸ਼ਾ ਇਕੱਲ ਇਕੋ ਜਿਹੇ ਭਾਵ ਲਈ ਵਰਤੇ ਜਾਂਦੇ ਹਨ। ਇਹ ਪੁਸਤਕ ਅੰਕਾਂ ਲਈ ਵੀ ਇੰਨ ਬਿੰਨ ਵਰਤੇ ਜਾ ਸਕਦੇ ਹਨ। ਇਸ ਕਰਕੇ ਥਾਂ, ਕਾਲ ਅਤੇ ਭਾਸ਼ਾ ਦੇ ਇਕੱਲਾਂ ਦੀਆਂ ਅਨੁਸੂਚੀਆਂ ਨੂੰ ਸਾਂਝੀਆਂ ਅਨੁਸੂਚੀਆਂ ਗਰਦਾਨਿਆ ਗਿਆ ਹੈ। ਅਜਿਹੀਆਂ ਸਾਰਣੀਆਂ ਵਿਚ ਦਿੱਤੇ ਇਕੱਲਾਂ ਨੂੰ ਜਿਵੇਂ ਦਿਤੇ ਹਨ ਉਸੇ ਰੂਪ ਵਿਚ ਵਰਤ ਲਿਆ ਜਾਂਦਾ ਹੈ। ਕੁਝ ਹਾਲਤਾਂ ਵਿਚ ਇਨ੍ਹਾਂ ਸਾਰਣੀਆਂ ਲਈ ਵਿਸ਼ਾ ਜੁਗਤ (Subject device) ਨਾਲ ਇਕੱਲਾਂ ਨੂੰ ਤਿੱਖਾ ਕੀਤਾ ਜਾ ਸਕਦਾ ਹੈ, ਜਾਂ ਨਵੇਂ ਇਕੱਲ ਬਣਾਏ ਜਾ ਸਕਦੇ ਹਨ। ਥਾਂ, ਕਾਲ ਅਤੇ ਭਾਸ਼ਾ ਇਕੱਲਾਂ ਦੀਆਂ ਸਾਰਣੀਆਂ ਜਿਥੇ ਕਿਤੇ ਵੀ ਲੋੜ ਹੋਵੇ ਉਵੇਂ ਦੀ ਉਵੇਂ ਵਰਤੀਆਂ ਜਾ ਸਕਦੀਆਂ ਹਨ।

### (ੳ) ਥਾਂ ਇਕੱਲ (Space Isolates)

ਇਹ 'ਥਾਂ ਇਕੱਲਾਂ' ਵਾਲਾ ਸਾਂਝਾ ਪਹਿਲੂ ਹੈ, ਜਿਸਨੂੰ ਜਿਥੇ ਲੋੜ ਹੋਵੇ ਵਰਤਿਆ ਜਾ ਸਕਦਾ ਹੈ। ਇਸਨੂੰ ਸੀ.ਸੀ. ਦੇ ਚੌਥੇ ਅਧਿਆਇ ਦੀ ਅਨੁਸੂਚੀ (ਪੰਨੇ 2.8 – 2.17 ਅਤੇ ਅਨੁਲੱਗ ਪੰਨਾ 26) ਤੇ ਲਿਸਟ ਕੀਤਾ ਗਿਆ ਹੈ। ਥਾਂ ਇਕੱਲਾਂ ਦੀ ਵਰਤੋਂ ਵਿਧੀ ਸਮਝਾਉਣ ਅਤੇ ਥਾਂ ਇਕੱਲ ਬਣਾਉਣ ਜਾਂ ਤੀਬਰ ਕਰਨ ਦੇ ਨਿਯਮ ਸੀ.ਸੀ., ਭਾਗ 1 ਦੇ ਚੌਥੇ ਅਧਿਆਇ (ਪੰਨੇ 1.51 – 1.53 ਅਤੇ ਅਨੁਲੱਗ ਪੰਨੇ 20-23) ਤੇ ਦਿੱਤੇ ਗਏ ਹਨ।

ਥਾਂ ਇਕੱਲ [S1] ਅਤੇ [S2] ਦੋ ਪੱਧਰਾਂ ਵਿਚ ਉਜਾਗਰ ਕੀਤੇ ਗਏ ਹਨ। [S1] ਦੇ ਇਕੱਲ ਦਸ਼ਮਲਵ ਪ੍ਰਕਿਰਤੀ ਵਾਲੇ ਸੰਖਿਆਤਮਕ ਪਦਾਂ ਨਾਲ ਬਿਆਨੇ ਗਏ ਹਨ; ਜਦੋਂ ਕਿ [S2] ਦੇ ਇਕੱਲ ਅੰਗ੍ਰੇਜ਼ੀ ਭਾਸ਼ਾ ਦੇ ਛੋਟੇ ਅੱਖਰਾਂ ਅਤੇ ਸੰਖਿਆਤਮਕ ਪਦਾਂ ਨਾਲ ਨਿਰਮਿਤ ਕੀਤੇ ਗਏ ਹਨ। ਜ਼ਮੀਨ ਦੀ ਪਹਿਲੇ ਪੱਧਰ ਦੀ ਵੰਡ – ਰਾਜਨੀਤਕ (ਏਸ਼ੀਆ, ਭਾਰਤ, ਪੰਜਾਬ --), ਖਿੱਤੇਵਾਰ (ਭੂਮੱਧ-ਵਰਤੀ, ਉਸ਼ਣ-ਕਟੀਬੰਧੀ ---), ਦਿਸ਼ਾਤਮਕ (ਪੂਰਵ, ਦੱਖਣ ਪੂਰਵ, ਪੱਛਮ ---) ਅਤੇ

ਜਨਸੰਖਿਆ ਅਤੇ ਪ੍ਰਬੰਧਕੀ ਇਕਾਈਆਂ (ਪਿੰਡ, ਕਸਬੇ, ਸ਼ਹਿਰ ---) ਦੇ ਰੂਪ ਵਿਚ ਕੀਤੀ ਗਈ ਹੈ।

ਪਦ (digit) 1 ਸਮੁੱਚੇ ਸੰਸਾਰ ਨੂੰ ਵਿਅਕਤ ਕਰਦੀ ਹੈ, ਜਿਸਨੂੰ ਅੱਗੇ ਖਿੱਤੇਵਾਰ (By Zones) ਅਤੇ ਸਥਿਤੀ-ਗਿਆਨ ਦੁਆਰਾ (by Orientation) ਵੰਡਿਆ ਗਿਆ ਹੈ। ਪਦ 2 ਮਾਤ ਭੂਮੀ (Mother Country) ਅਤੇ ਪਦ 3 ਪੱਖਦਾਰੀ ਦੇਸ਼ (Favoured Country) ਲਈ ਵਰਤਿਆ ਗਿਆ ਹੈ। 4 ਤੋਂ 8 ਤਕ ਦੇ ਪਦ ਮਹਾਂਦੀਪਾਂ (Continents) ਲਈ ਵਰਤੇ ਗਏ ਹਨ, ਜਿਹੜੇ ਕਿ ਅੱਗੇ ਚਲ ਕੇ ਦੇਸ਼ਾਂ ਵਿਚ ਵੰਡੇ ਗਏ ਹਨ। ਆਖਰੀ ਪਦ 9 ਵੱਖ-ਵੱਖ ਟਾਪੂਆਂ ਅਤੇ ਮਹਾਸਾਗਰਾਂ (Oceans) ਲਈ ਰੱਖਿਆ ਗਿਆ ਹੈ। ਪਰ ਇਨ੍ਹਾਂ ਸਾਰੇ ਪਦਾਂ ਤੋਂ ਇਲਾਵਾ ਵਿਸ਼ਾ ਜੁਗਤ ਨਾਲ ਹੋਰ ਬਹੁਤ ਸਾਰੇ ਇਕੱਲ ਤਿਆਰ ਕੀਤੇ ਜਾ ਸਕਦੇ ਹਨ। ਜਿਵੇਂ ਕਿ ਵਿਸ਼ਾ ਵਿਧੀ ਦੁਆਰਾ, ਮੁਸਲਿਮ ਦੇਸ਼ਾਂ, ਸੋਨੇ ਦੀਆਂ ਖਾਨਾਂ ਵਾਲੇ ਦੇਸ਼ਾਂ, ਚਾਵਲ ਪੈਦਾ ਕਰਨ ਵਾਲੇ ਦੇਸ਼ਾਂ, ਆਦਿ ਦੇ ਇਕੱਲ ਤਿਆਰ ਕੀਤੇ ਜਾ ਸਕਦੇ ਹਨ। ਕਾਲ-ਕ੍ਰਮ ਜੁਗਤ (Chronological Device) ਨਾਲ ਲੀਗ ਆਫ ਨੇਸ਼ਨਜ਼, ਸਾਰਕ, ਨੈਟੋ, ਜੀ-8 ਦੇਸ਼ਾਂ ਆਦਿ ਲਈ ਇਕੱਲ ਤਿਆਰ ਕੀਤੇ ਜਾ ਸਕਦੇ ਹਨ। ਇਸੇ ਤਰ੍ਹਾਂ ਅਧਿਆਰੋਪਣ ਜੁਗਤ (Superimposition Device) ਨਾਲ ਫ੍ਰੈਂਚ ਸਾਮਰਾਜ, ਬਰਤਾਨਵੀ ਸਾਮਰਾਜ, ਮਰਾਠਾ ਸਾਮਰਾਜ ਆਦਿ ਇਕੱਲ ਤਿਆਰ ਕੀਤੇ ਜਾ ਸਕਦੇ ਹਨ।

ਅਧਿਆਰੋਪਣ ਜੁਗਤ ਨਾਲ ਸਾਮਰਾਜਾਂ ਲਈ ਇਕੱਲ ਤਿਆਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੀਆਂ ਬਸਤੀਆਂ (Colonies) ਦੂਜੇ ਦੇਸ਼ਾਂ ਵਿਚ ਵੀ ਸਥਾਪਿਤ ਕੀਤੀਆਂ ਹੁੰਦੀਆਂ ਹਨ। ਅਜਿਹੀ ਸੂਰਤ ਵਿਚ ਪ੍ਰਭਾਵਿਤ ਖੇਤਰ ਪਹਿਲਾਂ ਆਉਂਦਾ ਹੈ ਅਤੇ ਪ੍ਰਭਾਵੀ ਰਾਸ਼ਟਰ ਦਾ ਨਾਂ ਬਾਅਦ ਵਿਚ ਆਉਂਦਾ ਹੈ। ਇਸਦੀਆਂ ਹੇਠ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :

British India

44-56

British Colonies in the World

1-56

French Africa

6-53

Colonial America

73-56

ਵਿਸ਼ਾ ਜੁਗਤ ਸੰਸਾਰ ਦੇ ਸਾਂਝੇ ਗੁਣਾਂ ਵਾਲੇ ਖੇਤਰਾਂ ਨੂੰ ਬਿਆਨ ਕਰਨ ਲਈ ਵਰਤੀ ਜਾਂਦੀ ਹੈ। ਉਦਾਹਰਣ ਲਈ - Agricultural Countries, Under-developed Countries, Oil-Producing Countries, English Speaking Countries, European Monarchies, ਆਦਿ।

ਅਜਿਹਾ ਢੁਕਵੇਂ ਥਾਂ ਇਕੱਲਾਂ ਨੂੰ ਵਿਸ਼ਾ ਜੁਗਤ ਰਾਹੀਂ ਤੀਬਰ ਕਰਕੇ ਕੀਤਾ ਜਾ ਸਕਦਾ ਹੈ। ਅੱਗੇ ਇਸਦੀਆਂ ਉਦਾਹਰਣਾਂ ਵੇਖੋ :

English speaking countries of the world

1 (P111)

English speaking countries of Europe

5 (P111)

Catholic Europe

5 (Q62)

European Monarchies

5 (W4)

Rice Growing States of India

44 (J381)

Communist Countries

1 (W691)

ਅਧਿਆਰੋਪਣ ਜੁਗਤਾਂ (SID) ਅਤੇ ਵਿਸ਼ਾ ਜੁਗਤ (SD) ਦੋਹਾਂ ਨੂੰ ਜੇਕਰ ਲੋੜ ਹੋਵੇ ਤਾਂ ਇਕੱਠੇ ਹੀ ਮਤਵਾਤਰ ਵਰਤਿਆ ਜਾ ਸਕਦਾ ਹੈ, ਜਿਵੇਂ ਕਿ :

Rice Growing States in British India

44-56 (J381)

Sparsely populated areas of French Africa

6-53 (Y:581)

ਕਾਲ-ਕ੍ਰਮ ਜੁਗਤ (CD) ਨੂੰ ਲਗਭਗ ਸਰਬਸ਼ਕਤੀਮਾਨ ਅੰਤਰਰਾਸ਼ਟਰੀ ਸੰਸਥਾਵਾਂ ਦੇ ਇਕੱਲ ਅੰਕ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਦੀਆਂ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :

League of Nations

IN

SAARC (1995)

4N8

CENTO Central Treaty Organization (1967)

IN67

Council of Europe (1949)

5N49

Association of South East Asian Nations

43N67

Organization of African Unity (OAU 1963)

6N6

Organization of American States (1948)

7N48

(CD) ਅਤੇ (SD) ਨੂੰ ਇਕੱਠੇ ਵੀ ਵਰਤਿਆ ਜਾ ਸਕਦਾ ਹੈ : Communist Member Countries of

UNO

IN4 (W691)

Similarly,

European Members of the UNO

IN4-5

ਆਬਾਦੀ ਦੇ ਸਮੂਹਾਂ ਜਿਵੇਂ ਕਿ ਸ਼ਹਿਰ, ਤਹਿਸੀਲ, ਪਿੰਡ ਆਦਿ ਲਈ ਜੇਕਰ ਪਹਿਲਾਂ ਤੋਂ ਬਣਿਆ ਇਕੱਲ ਨਾ ਹੋਵੇ ਤਾਂ ਨਵਾਂ ਇਕੱਲ ਅੱਖਰ-ਕ੍ਰਮ ਜੁਗਤ (AD) ਨਾਲ ਤਿਆਰ ਕੀਤਾ ਜਾ ਸਕਦਾ ਹੈ। (AD) ਅਤੇ ਉਪਰਲੇ ਇਕੱਲ ਵਿਚਕਾਰ ਡਾਟ (.) ਚਿੰਨ੍ਹ ਲਗਾਇਆ ਜਾਂਦਾ ਹੈ (ਨਿਯਮ 4B ਅਨੁਲੱਗ ਵਿਚ)। ਇਸਦੀਆਂ ਉਦਾਹਰਣਾਂ ਹੇਠ ਲਿਖੇ ਅਨੁਸਾਰ ਵੇਖੋ :

| | |
|---|---|
| Punjab | 4436 |
| Amritsar City | 4436.A |
| Ludhiana | 4436.L |
| Chennai City | 4411.C |

| | |
|---|---|
| Paris | 53.P |
| Zurich | 594.Z |

ਕੋਈ ਵੀ ਭੂਗੋਲਿਕ ਖੇਤਰ ਸਥਿਤੀ-ਗਿਆਨ ਦੁਆਰਾ ਅੱਗੇ ਵੰਡਿਆ ਜਾ ਸਕਦਾ ਹੈ। ਸਥਿਤੀ-ਗਿਆਨ ਉਪਵੰਡਾਂ ਸੀ.ਸੀ. ਵਿਚ ਚੌਥੇ ਅਧਿਆਇ ਦੇ 19A ਤੋਂ 19Y ਤੱਕ ਦਿੱਤੀਆਂ ਗਈਆਂ ਹਨ। ਇਸਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਾਰ 1 ਦੀ ਸਥਿਤੀ-ਗਿਆਨ ਵੰਡ 19A ਤੋਂ 19Y ਨੂੰ ਕਿਸੇ ਵੀ ਖੇਤਰ ਨਾਲ ਡਾਟ (.) ਚਿੰਨ੍ਹ ਨਾਲ ਲਗਾਇਆ ਜਾ ਸਕਦਾ ਹੈ ਅਤੇ ਪਹਿਲੇ ਪਦ 1 ਨੂੰ ਦਿੱਤੇ ਖੇਤਰ ਪਦ ਨਾਲ ਬਦਲ ਦਿੱਤਾ ਜਾਂਦਾ ਹੈ। ਫੇਰ ਡਾਟ (.) ਲਗਾ ਕੇ ਨਵਾਂ ਸਥਿਤੀ-ਗਿਆਨ ਦਾ ਸੰਬੰਧਤ ਪਦ ਜੋੜ ਦਿੱਤਾ ਜਾਂਦਾ ਹੈ।

| | |
|---|---|
| East Europe | 5.9 B |
| Central Punjab | 4436.9 D or 4436.9D |
| East of Amritsar | 4436.A.9 B or 4436.A.9B |

ਜੇਕਰ ਕਿਸੇ ਖੇਤਰ ਦੀ ਸਥਿਤੀ-ਗਿਆਨ ਵੰਡ ਪਹਿਲਾਂ ਹੀ ਕੀਤੀ ਹੋਈ ਹੋਵੇ ਤਾਂ ਉਸ ਕੇਸ ਵਿਚ ਸਥਿਤੀ-ਗਿਆਨ ਵੰਡਾਂ ਲਈ ਸੰਸਲੇਸ਼ਣ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਜਿਵੇਂ ਕਿ ਉੱਤਰੀ ਅਮਰੀਕਾ ਲਈ 71 ਇਕੱਲ ਪਹਿਲਾਂ ਹੀ ਮੌਜੂਦਾ ਹੈ, ਸੋ ਇਸ ਲਈ 7.95 ਨੰਬਰ ਅਸ਼ੁੱਧ ਹੋਵੇਗਾ। ਇਸੇ ਤਰ੍ਹਾਂ ਦੱਖਣ-ਪੂਰਬ ਏਸ਼ੀਆ ਲਈ 43 ਇਕੱਲ ਮੌਜੂਦ ਹੈ ਇਸ ਕਰਕੇ 4.9F ਇਕੱਲ ਅਸ਼ੁੱਧ ਹੋਵੇਗਾ।

ਵਿਦਿਆਰਥੀ ਧਿਆਨ ਦੇਣ ਵੱਡੇ ਮਹਾਂਨਗਰਾਂ ਦੇ ਥਾਂ ਇਕੱਲ ਬਣਾਉਣ ਲਈ ਉਨ੍ਹਾਂ ਨੂੰ ਉਸ ਪ੍ਰਦੇਸ਼ ਦਾ ਭਾਗ ਨਹੀਂ ਬਣਾਇਆ ਜਾਂਦਾ ਜਿਸ ਪ੍ਰਦੇਸ਼ ਵਿਚ ਉਹ ਸਥਿਤ ਹੋਣ ਸਗੋਂ ਉਨ੍ਹਾਂ ਨੂੰ ਸੰਬੰਧਤ ਦੇਸ਼ ਦਾ ਹਿੱਸਾ ਬਣਾਇਆ ਜਾਂਦਾ ਹੈ। ਉਦਾਹਰਣ ਵਜੋਂ :

| | |
|---|---|
| Bombay | 44.B |
| Inside of Bombay | 44.B.9 X |
| Kolkata | 44.K |
| West Kolkata | 44.C.9K |

ਇਕ ਹੋਰ ਜ਼ਰੂਰੀ ਗੱਲ ਨੋਟ ਕਰਨ ਵਾਲੀ ਹੈ। ਭਾਰਤ ਲਈ ਵਿਸ਼ੇਸ਼ ਇਕੱਲਾਂ ਦੀਆਂ ਦੋ ਅਨੁਸੂਚੀਆਂ ਦਿੱਤੀਆਂ ਗਈਆਂ ਹਨ। 1956 ਵਾਲੀ ਅਨੁਸੂਚੀ ਦੇ ਇਕੱਲ ਵਰਤਣਾ ਯੋਗ ਹੋਵੇਗਾ। ਇਹ ਪੰਨਾ 2.12 ਤੇ ਆਰੰਭ ਹੁੰਦੇ ਹਨ।

ਧਰਤੀ ਦੇ ਭੌਤਿਕ ਗੁਣ ਦਰਸਾਉਣ ਵਾਲੇ ਦੂਜੇ ਪੱਧਰ [S2] ਦੇ ਇਕੱਲ, ਪਹਿਲੇ ਪੱਧਰ ਦੇ ਇਕੱਲਾਂ [S1] ਤੋਂ ਬਾਅਦ ਡਾਟ (.) ਚਿੰਨ੍ਹ ਦੀ ਵਰਤੋਂ ਨਾਲ ਲਗਾਏ ਜਾਂਦੇ ਹਨ। ਇਹ ਸੀ.ਸੀ. ਦੀ ਅਨੁਲੱਗ ਦੇ ਪੰਨਾ 26 ਤੇ ਚਿੱਤ੍ਰਿਤ ਕੀਤੇ ਗਏ ਹਨ।

| | |
|---|---|
| Rainfall in Forests | U 2855.f |
| Sea Travels | U8. f |
| Fauna and Flora of Forests | G: 12..f |
| Fauna and Flora of Indian Forests | G: 12.44.f |

[S2] ਵਿਚ ਅੱਖਰ ਕ੍ਰਮ ਜੁਗਤ (AD) ਨਾਲ ਵਾਧਾ ਕੀਤਾ ਜਾ ਸਕਦਾ ਹੈ।

| | |
|---|---|
| Plants of Gangetic Valley | 1: 13.44.g1G |
| Travels in Himalayan Mountains | U8.4.g7H |
| Weather forcasting in Nilgiri Hills | U2891.44.g.7N |
| Gobi Desert-Geography | U.41.d.G |
| Nile River Gebgraph | U.6.p1N |

ਮੁੱਖ ਵਿਸ਼ੇ ਕੋਮਲ ਕਲਾਵਾਂ [N] ਦੇ ਪ੍ਰਮਾਣਿਤ ਉਪਵਰਗਾਂ NA ਤੋਂ NR, V ਇਤਿਹਾਸ ਅਤੇ Z ਕਾਨੂੰਨ ਅਤੇ ਸਾਂਝੇ ਇਕੱਲਾਂ ਵਿਚ ਵੀ ਜਿਥੇ ਥਾਂ ਇਕੱਲ ਵਿਅਕਤਿਤਵ ਇਕੱਲ ਦੇ ਰੂਪ ਵਿਚ ਵਰਤੇ ਜਾਂਦੇ ਹਨ ਉਥੇ ਥਾਂ ਇਕੱਲ ਤੋਂ ਪਹਿਲਾਂ ਡਾਟ (.) ਚਿੰਨ੍ਹਾਂ ਦੀ ਵਰਤੋਂ ਦੀ ਬਜਾਏ ਅਰਧ ਵਿਰਾਮ (,) ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਵਜੋਂ :

| | |
|---|---|
| History of Chennai City | V4411,C |
| Amritsar in 1939 | V4436,A'N39 |

**(ਅ) ਸਮਾਂ (Time)**

ਕਾਲ ਪਹਿਲੂ ਦੇ ਇਕੱਲ ਕੋਲਨ ਵਰਗੀਕਰਣ ਦੇ ਤੀਜੇ ਅਧਿਆਇ (ਪੰਨਾ 2.7) ਵਿਚ ਦਿੱਤੇ ਗਏ ਹਨ। ਕਾਲ ਇਕੱਲ ਬਣਾਉਣ ਦੇ ਨਿਯਮ ਪਹਿਲੇ ਭਾਗ ਦੇ ਨਿਯਮਾਂ ਵਾਲੇ ਤੀਜੇ ਅਧਿਆਇ ਵਿਚ (ਪੰਨੇ 1.49 - 1.50) ਤੇ ਦਿੱਤੇ ਗਏ ਹਨ। ਥਾਂ ਪਹਿਲੂ ਵਾਂਗ ਕਾਲ ਪਹਿਲੂ ਦੇ ਵੀ ਦੋ ਪੱਧਰ ਹਨ। [T1] ਵਿਚ ਕਾਲ-ਕ੍ਰਮ ਅਨੁਸਾਰ ਇਕੱਲ ਮਿਲਦੇ ਹਨ ਅਤੇ [T2] ਵਿਚ ਆਵਰਤਕ (Cyclical) ਕਾਲ ਚਿੰਨ੍ਹ-ਚੱਕਰ (featured time) ਕਾਲ ਦੇ ਇਕੱਲ ਰੱਖੇ ਗਏ ਹਨ।

[T1] ਵਿਚ ਇਕੱਲਾਂ ਲਈ ਅੰਗ੍ਰੇਜ਼ੀ ਮੁਹਾਰਨੀ ਦੇ ਵੱਡੇ ਅੱਖਰਾਂ ਦੇ ਨਾਲ ਹਿੰਦ-ਅਰਬੀ ਅੰਕਾਂ ਦੇ ਪਦ ਵਰਤੇ ਗਏ ਹਨ।

ਪਹਿਲਾ ਅੱਖਰ A ਇਤਿਹਾਸ ਪੂਰਵ ਸਮੇਂ ਲਈ ਵਰਤਿਆ ਗਿਆ ਹੈ। B ਤੋਂ YC ਤੱਕ ਦੀ ਸੰਕੇਤਨ ਨੂੰ 9999BC ਤੋਂ 3199AD ਤੱਕ ਦੇ ਸਮੇਂ ਲਈ ਇਕੱਲ ਬਣਾਉਣ ਲਈ ਵਰਤਿਆ ਗਿਆ ਹੈ। ਜਾਣਕਾਰੀ ਲਈ ਕੁਝ ਕਾਲ ਇਕੱਲਾਂ ਦਾ ਵੇਰਵਾ ਦਿੱਤਾ ਜਾਂਦਾ ਹੈ :

| | | |
|---|---|---|
| A | : | ਇਤਿਹਾਸ ਪੂਰਵ ਸਮਾਂ (ਭੂ-ਵਿਗਿਆਨਕ ਕਾਲ) |
| B | : | 9999 ਤੋਂ 1000 ਪੂਰਵ ਈਸਵੀ |
| C | : | 999 ਤੋਂ 1 ਪੂਰਵ ਈਸਵੀ |
| D | : | 1 ਤੋਂ 999 ਈਸਵੀ |
| E | : | 1000 ਤੋਂ 1099 ਈਸਵੀ |
| F | : | 1100 ਤੋਂ 1199 ਈਸਵੀ |
| | ------------------------------ | |
| N | : | 1900 ਤੋਂ 1999 ਈਸਵੀ |
| YC | : | 3100 ਤੋਂ 3199 ਈਸਵੀ |

ਸੀ.ਸੀ. ਵਿਚ ਸਮਾਂ ਸੀਮਾ ਇਕ ਸਾਲ ਤੱਕ ਹੈ ਜਦੋਂ ਕਿ ਯੂ.ਡੀ.ਸੀ. ਵਿਚ ਮਹੀਨੇ ਅਤੇ ਵਿਸ਼ੇਸ਼ ਦਿਨ ਦਾ ਵੀ ਸਮਾਂ ਇਕੱਲ ਬਣਾਇਆ ਜਾ ਸਕਦਾ ਹੈ। ਕਾਲ ਪਹਿਲੂ ਵਿਚ E ਤੋ YC ਤੱਕ ਚਿੰਨ੍ਹ ਪਦਾਂ ਵਾਲੇ ਇਕੱਲ ਬਣਾ ਕੇ ਸਾਲਾਂ ਨੂੰ ਪ੍ਰਤਿਨਿਧਤਾ ਦਿੱਤੀ ਜਾਂਦੀ ਹੈ। ਪਹਿਲਾ ਪਦ-ਸ਼ਤਾਬਦੀ ਲਈ ਵਰਤਿਆ ਜਾਂਦਾ ਹੈ, ਦੂਜਾ ਪਦ ਸੰਬੰਧਤ ਸਾਲ ਦੇ ਦਹਾਕੇ ਲਈ ਅਤੇ ਤੀਜਾ ਪਦ ਵਿਸ਼ੇਸ਼ ਸਾਲ ਬਾਰੇ ਵਰਤਿਆ ਜਾਂਦਾ ਹੈ।

ਉਦਾਹਰਣ ਲਈ : 1526 A.D. ਨੂੰ J26 ਨਾਲ ਵਿਅਕਤ ਕੀਤਾ ਜਾਂਦਾ ਹੈ। ਇਸ ਇਕੱਲ ਅੰਕ ਵਿਚ J ਸੋਲ੍ਹਵੀਂ ਸਦੀ ਨੂੰ ਬਿਆਨ ਕਰਦਾ ਹੈ, J2 ਸੋਲ੍ਹਵੀਂ ਸਦੀ ਦੇ ਦੂਜੇ ਦਹਾਕੇ ਨੂੰ ਬਿਆਨ ਕਰਦਾ ਹੈ ਅਤੇ J26 ਸਾਲ 1526 ਨੂੰ ਬਿਆਨ ਕਰਦਾ ਹੈ।

ਇਸੇ ਤਰ੍ਹਾਂ ਸਾਲ 1901 ਨੂੰ N01, ਸਾਲ 1800 ਨੂੰ MOO ਅਤੇ 1851 ਨੂੰ M51 ਚਿੰਨ੍ਹਾਂ ਨਾਲ ਵਿਅਕਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ 1870's ਨੂੰ M7 ਅਤੇ 1930's ਨੂੰ N3 ਨਾਲ ਵਿਅਕਤ ਕੀਤਾ ਜਾਂਦਾ ਹੈ।

ਪਰ D ਦੇ ਸੰਦਰਭ ਵਿਚ ਈਸਵੀ ਸਾਲ ਦੇ ਪਹਿਲੇ 1000 ਸਾਲਾਂ ਨੂੰ 4 ਪਦਾਂ (digits) ਨਾਲ ਬਿਆਨ ਕੀਤਾ ਜਾਂਦਾ ਹੈ। ਇਨ੍ਹਾਂ 4 ਪਦਾਂ ਵਿਚ D ਤੋਂ ਬਾਅਦ 3 ਹਿੰਦ-ਅਰਬੀ ਅੰਕ ਵਰਤੇ ਜਾਂਦੇ ਹਨ। ਇਸ ਵਿਚ ਪਹਿਲਾ ਪਦ ਹਜਾਰ ਸਾਲ ਲਈ ਵਰਤਿਆ ਜਾਂਦਾ ਹੈ, ਦੂਜਾ ਪਦ ਸ਼ਤਾਬਦੀ ਲਈ, ਤੀਜਾ ਪਦ ਦਹਾਕੇ ਲਈ ਅਤੇ ਚੌਥਾ ਸੰਬੰਧਿਤ ਸਾਲ ਲਈ ਵਰਤਿਆ ਜਾਂਦਾ ਹੈ। ਉਪਰ ਦਿੱਤੇ ਵੇਰਵੇ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ 212AD ਨੂੰ D212 ਪਦ ਨਾਲ ਬਿਆਨ ਕਰ ਸਕਦੇ ਹਾਂ। ਇਸੇ ਤਰ੍ਹਾਂ 5AD ਨੂੰ D005 ਲਿਖਾਂਗੇ, 110AD ਨੂੰ D110 ਅਤੇ 10AD ਨੂੰ D010 ਪਦਾਂ ਨਾਲ ਬਿਆਨ ਕਰਦੇ ਹਾਂ। 6ਵੀਂ ਸਦੀ ਨੂੰ D5 ਚਿੰਨ੍ਹ ਨਾਲ ਬਿਆਨ ਕੀਤਾ ਜਾਂਦਾ ਹੈ ਅਤੇ 10ਵੀਂ ਸਦੀ ਨੂੰ D9 ਨਾਲ ਬਿਆਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ D65 ਨੂੰ 7ਵੀਂ ਸ਼ਤਾਬਦੀ ਦੀ ਪੰਜਵੀਂ ਦਸ਼ਾਬਦੀ ਲਈ ਵਰਤਿਆ ਜਾਂਦਾ ਹੈ।

**ਈਸਾ ਪੂਰਵ ਕਾਲ**

ਈਸਾ ਪੂਰਵ ਕਾਲ (BC) ਨੂੰ ਸੰਕੇਤਨ ਦੀ ਭਾਸ਼ਾ ਵਿਚ ਲਿਖਣ ਵਿਚ ਕੁਝ ਔਖ ਆਉਂਦੀ ਹੈ। ਔਕੜ ਇਸ ਲਈ

ਆਉਂਦੀ ਹੈ, ਕਿਉਂਕਿ ਅਸੀਂ ਈਸਾ ਪੂਰਵ ਕਾਲ ਨੂੰ ਵਿਪਰੀਤ ਦਿਸ਼ਾ ਤੋਂ ਮਾਪਣਾ ਆਰੰਭ ਕਰਦੇ ਹਾਂ। ਇਸ ਵਿਧੀ ਵਿਚ ਕਾਲ ਜਾਂ ਸਮੇਂ ਦੀ ਇਕ ਹੱਦ ਮਿਥ ਲਈ ਜਾਂਦੀ ਹੈ। ਜਿਵੇਂ ਕਿ ਅਸੀਂ ਉਪਰ ਦੱਸ ਚੁੱਕੇ ਹਾਂ ਪਦ B ਈਸਾ ਪੂਰਵ 9999 ਤੋਂ ਈਸਾ ਪੂਰਵ 1000 ਤੱਕ ਦੇ ਕਾਲ ਲਈ ਵਰਤੀ ਜਾਂਦੀ ਹੈ। ਹੁਣ ਉਦਾਹਰਣ ਲਈ 1200 BC ਲਿਆ ਜਾ ਸਕਦਾ ਹੈ। 1200 BC ਦਾ ਕਾਲ ਉਸ ਸਮਾਂ ਸੀਮਾ ਵਿਚ ਆਉਂਦਾ ਹੈ, ਜਿਸ ਲਈ B ਪਦ ਨਿਸ਼ਚਿਤ ਕੀਤਾ ਹੋਇਆ ਹੈ। ਇਸ ਲਈ 1200 BC ਲਈ ਸਹੀ ਇਕੱਲ ਤਿਆਰ ਕਰਨ ਲਈ ਇਸਨੂੰ 9999 ਵਿਚੋਂ ਘਟਾਉਣਾ ਪਵੇਗਾ। ਇਸ ਤਰ੍ਹਾਂ 1200 BC ਨੂੰ (9999-1200) ਅਰਥਾਤ B8799 ਨਾਲ ਵਿਅਕਤ ਕੀਤਾ ਜਾਵੇਗਾ। ਇਸੇ ਤਰ੍ਹਾਂ 5000 BC ਨੂੰ (9999-5000) ਅਰਥਾਤ B4999 ਸੰਕੇਤਨ ਨਾਲ ਬਿਆਨ ਕੀਤਾ ਜਾਂਦਾ ਹੈ। 6000 BC ਨੂੰ B3999 ਨਾਲ ਬਿਆਨ ਕੀਤਾ ਜਾਂਦਾ ਹੈ। ਜ਼ਰਾ ਧਿਆਨ ਨਾਲ ਵਿਚਾਰ ਕਰੋ - 999 BC ਨੂੰ C000 ਪਦ ਨਾਲ ਬਿਆਨ ਕੀਤਾ ਜਾ ਸਕਦਾ ਹੈ। 10BC ਲਈ (999-10) ਅਰਥਾਤ C989 ਪਦ ਵਰਤਿਆ ਜਾਵੇਗਾ ਅਤੇ 5BC ਲਈ (999-5) ਅਰਥਾਤ C994 ਪਦ ਦੀ ਵਰਤੋਂ ਕੀਤੀ ਜਾਵੇਗੀ।

ਮੁੱਕਦੀ ਗੱਲ ਇਹ ਹੈ ਕਿ ਵਿਦਿਆਰਥੀ ਧਿਆਨ ਨਾਲ ਸੋਚਣ ਤਾਂ ਉਹ ਅਸਾਨੀ ਨਾਲ ਇਸ ਗੱਲ ਨੂੰ ਸਮਝ ਲੈਣਗੇ ਕਿ ਈਸਾ ਪੂਰਵ (BC) ਸਮਾਂ ਮਿਥਣ ਲਈ ਨਿਰਧਾਰਤ ਸਮਾਂ ਸੀਮਾ ਜਿਵੇਂ ਕਿ 999 ਜਾਂ 9999 ਈਸਾ ਪੂਰਵ ਵਿਚੋਂ ਦਿੱਤਾ ਸਮਾਂ ਘਟਾਇਆ ਜਾਂਦਾ ਹੈ। ਪਰ ਈਸਵੀ ਸੰਨ ਦੇ ਆਰੰਭ ਤੋਂ ਬਾਅਦ ਸਮਾਂ ਸਿੱਧਾ ਹੀ ਲਿਖ ਲਿਆ ਜਾਂਦਾ ਹੈ। ਜਿਵੇਂ ਸੰਨ 1564 ਨੂੰ J64 ਲਿਖਿਆ ਜਾਂਦਾ ਹੈ। ਇਸ ਵਿਚ 'J' 16ਵੀਂ ਸਦੀ ਨੂੰ ਵਿਅਕਤ ਕਰਦਾ ਹੈ।

## ਪ੍ਰਭਾਵਸ਼ਾਲੀ ਦਹਾਕਾ (Effective Decade)

ਬਹੁਤ ਸਾਰੀਆਂ ਹਾਲਤਾਂ ਵਿਚ ਵਿਸ਼ੇਸ਼ ਤੌਰ ਤੇ ਸਮਾਜ ਵਿਗਿਆਨ ਦੇ ਵਿਸ਼ਿਆਂ ਵਿਚ ਸਹੀ ਅਤੇ ਨਿਸ਼ਚਿਤ ਸਮਾਂ ਦੱਸਣਾ ਅਰਥਹੀਨ ਹੁੰਦਾ ਹੈ। ਦਹਾਕਾ ਇਕ ਅਜਿਹਾ ਸਮਾਂ ਹੈ ਜੋ ਕਿ ਗਿਣਤੀ ਲਈ ਠੀਕ ਹੋ ਸਕਦਾ ਹੈ, ਪਰ ਸਮਾਜਿਕ ਜੀਵਨ ਵਿਚ ਇਹ ਬਹੁਤਾ ਮਹੱਤਵ ਨਹੀਂ ਰੱਖਦਾ। ਸਮਾਜਕ ਬਦਲਾਵ ਨੂੰ ਮਾਪਣ ਲਈ ਪ੍ਰਭਾਵਸ਼ਾਲੀ ਇਕਾਈ ਇਕ ਪੁਸ਼ਤ (Generation) ਜਾਂ ਦੋ ਦਹਾਕੇ ਮੰਨੀ ਜਾਂਦੀ ਹੈ। ਰੰਗਾਨਾਥਨ 2 ਦਹਾਕਿਆਂ ਦੇ ਸਮੇਂ ਨੂੰ ਪ੍ਰਭਾਵਸ਼ਾਲੀ (Effective) ਦਹਾਕਾ ਮੰਨਦਾ ਹੈ। ਰੰਗਾਨਾਥਨ ਦੀ ਮਨੌਤ ਜਾਂ ਅਭਿਧਾਰਣਾ ਹੈ ਕਿ ਦੂਜਾ, ਚੌਥਾ, ਛੇਵਾਂ, ਅੱਠਵਾਂ ਅਤੇ ਦਸਵਾਂ ਦਹਾਕਾ, ਜਿਨ੍ਹਾਂ ਨੂੰ ਕ੍ਰਮਵਾਰ 1,3,5,7 ਅਤੇ 9 ਨਾਲ ਬਿਆਨ ਕੀਤਾ ਗਿਆ ਹੈ, ਪ੍ਰਭਾਵਸ਼ਾਲੀ ਦਹਾਕੇ ਹਨ। ਇਸਨੂੰ ਹੋਰ ਸਪਸ਼ਟ ਕਰਨ ਲਈ ਨਿਮਨ ਲਿਖਤ ਸਾਰਣੀ ਦਿੱਤੀ ਜਾਂਦੀ ਹੈ :

| ਅਸਲੀ ਦਹਾਕਾ ਪਦ | ਸ਼ਤਾਬਦੀ ਦੇ ਸਾਲਾਂ ਦੀ ਅਵਧੀ | ਪ੍ਰਭਾਵਸ਼ਾਲੀ ਦਹਾਕਾ |
|---|---|---|
| 0 or 1 | 0-19 | 1 |
| 2 or 3 | 20-39 | 3 |
| 4 or 5 | 40-59 | 5 |
| 6 or 7 | 60-79 | 7 |
| 8 or 9 | 80-99 | 9 |

ਉਦਾਹਰਣ :- 1981 ਲਈ Effective decade (ED) N9;1900 ਲਈ (ED)N1; 1859 ਲਈ (ED)M5 ਅਤੇ 1841 ਲਈ ਵੀ (ED)M5 ਹੋਵੇਗੀ। ਸੀ.ਸੀ. ਵਿਚ ਬਹੁਤ ਸਾਰੀਆਂ ਅਜਿਹੀਆਂ ਹਾਲਤਾਂ ਹਨ, ਜਿਨ੍ਹਾਂ ਵਿਚ ਪ੍ਰਭਾਵਸ਼ਾਲੀ ਦਹਾਕੇ (ED) ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸੰਕਲਪ ਕਾਲਕ੍ਰਮ ਜੁਗਤ (CD) ਵਿਚ ਵਿਸਤਾਰ ਸਹਿਤ ਬਿਆਨ ਕੀਤਾ ਗਿਆ ਹੈ। ਅੰਤਿਮ ਪ੍ਰਭਾਵਸ਼ਾਲੀ ਦਹਾਕੇ ਨੂੰ (LED) ਸੰਖੇਪ ਅੱਖਰ ਨਾਲ ਜਾਣਿਆ ਜਾਂਦਾ ਹੈ।

**ਦੂਜੀ ਪੱਧਰ ਦਾ ਕਾਲ ਪਹਿਲੂ :-** ਦੂਜੀ ਪੱਧਰ ਦਾ ਕਾਲ [T2] ਮੌਸਮਾਂ, ਵਾਯੂ ਮੰਡਲੀ ਅਤੇ ਦੈਨਿਕ ਸਮੇਂ ਦਾ ਬੋਧ ਕਰਾਉਣ ਵਾਲੇ ਸੰਕਲਪਾਂ ਲਈ ਵਰਤਿਆ ਜਾਂਦਾ ਹੈ। ਦੂਜੀ ਪੱਧਰ ਦੇ ਕਾਲ [T2] ਨੂੰ ਪਹਿਲੀ ਪੱਧਰ ਦੇ ਕਾਲ ਤੋਂ ਅੱਡ ਕਰਨ ਲਈ ਪੁੱਠਾ ਕਾਮਾ [‘] ਵਰਤਿਆ ਜਾਂਦਾ ਹੈ।

Cow Feeding in Winter

KZ311:1'n7

Human migration in Snow Times

U42'p8

Humidity in Rainy Season of 1995

U285'N95'p5

[T2] is mostly used in U Geography

ਪੁਰਾਤਨ ਭੂ-ਵਿਗਿਆਨ, ਪੁਰਾਤਨ ਬਨਸਪਤੀ ਵਿਗਿਆਨ ਅਤੇ ਪੁਰਾਤਨ ਜੰਤੂ ਵਿਗਿਆਨ ਲਈ 'ਕਾਲ' ਸੀ.ਸੀ. ਦੇ ਤੀਜੇ ਅਧਿਆਇ ਵਿਚੋਂ ਨਹੀਂ ਲੈਣਾ। ਇਸਦੀ ਬਜਾਏ ਇਹ ਪ੍ਰਮਾਣਿਤ ਵਰਗ H5 ਸੈਲ ਸਤਰਣ ਵਿਗਿਆਨ (Stratigraphy) ਵਿਚੋਂ ਲੈਣੇ ਹਨ। ਉੱਪਰ ਦੱਸੀਆਂ ਹਾਲਤਾਂ ਵਿਚ H5 ਨੂੰ A ਪਦ ਨਾਲ ਬਦਲ ਲਿਆ ਜਾਂਦਾ ਹੈ। ਸੀ.ਸੀ. ਦੇ ਅਧਿਆਇ 3 ਦੇ ਪੰਨਾ 2.7 ਤੇ ਦਿੱਤੀ ਅਨੁਸੂਚੀ ਨਾਲ ਇਕੱਲਾਂ ਦੀ ਅਨੁਸੂਚੀ ਵਿਚ A ਪਦ ਭੂ-ਵਿਗਿਆਨੀ ਕਾਲ ਨੂੰ ਵਿਅਕਤ ਕਰਨ ਲਈ ਰੱਖਿਆ ਗਿਆ ਹੈ, ਪਰ ਇਸ ਢੰਗ ਨੂੰ ਵਰਤਣ ਨਾਲ ਕੋਈ ਵਿਵਾਦ ਪੈਦਾ ਨਹੀਂ ਹੁੰਦਾ।

Silurian Paleozoology

H6'A23

(Here Silurian is H523. since H5 is to be replaced by A so H523 = A23)

Similarly Cainozoic Plants

1:8'A4

ਕੁਝ ਹਾਲਤਾਂ ਵਿਚ 'ਕਾਲ' ਇਕੱਲ ਵਿਅਕਤਿਤਵ ਦੇ ਰੂਪ ਵਿਚ ਵਰਤੇ ਜਾਂਦੇ ਹਨ। ਇਸ ਬਾਰੇ ਜੁਗਤਾਂ ਵਾਲੇ ਪਾਠ ਵਿਚ ਕਾਲ-ਕ੍ਰਮ ਜੁਗਤ (CD) ਵਿਚ ਵਿਸਤਾਰ ਸਹਿਤ ਸਮਝਾਇਆ ਗਿਆ ਹੈ।

ਵਿਦਿਆਰਥੀ ਇਸ ਗੱਲ ਨੂੰ ਧਿਆਨ ਨਾਲ ਨੋਟ ਕਰ ਲੈਣ ਕਿ ਸੀ.ਸੀ. ਦੇ ਛੇਵੇਂ ਸੰਸਕਰਣ ਵਿਚ 'ਕਾਲ ਸ਼੍ਰੇਣੀ' ਲਈ ਡਾਟ (.) ਚਿੰਨ੍ਹ ਦੀ ਵਰਤੋਂ ਕੀਤੀ ਗਈ ਹੈ। ਪਰ 1963 ਤੋਂ ਕਾਲ ਸ਼੍ਰੇਣੀ ਲਈ ਡਾਟ (.) ਦੀ ਥਾਂ ਪੁੱਠਾ ਕਾਮਾ (') ਚਿੰਨ੍ਹ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਲਈ ਸੀ.ਸੀ. ਦੇ ਛੇਵੇਂ ਸੰਸਕਰਣ ਨਾਲ ਵਰਗੀਕਰਣ ਕਰਨ ਸਮੇਂ ਕਾਲ ਸ਼੍ਰੇਣੀ ਲਈ ਡਾਟ (.) ਦੀ ਥਾਂ ਪੁੱਠਾ ਕਾਮਾ (') ਵਰਤਿਆ ਜਾ ਰਿਹਾ ਹੈ।

### (ੲ) ਭਾਸ਼ਾ ਅਨੁਸੂਚੀ (Language Schedule)

ਕੋਲਨ ਵਰਗੀਕਰਣ ਪ੍ਰਣਾਲੀ ਵਿਚ ਮੁੱਖ ਵਿਸ਼ੇ 'O' ਸਾਹਿਤ ਅਤੇ 'P' ਭਾਸ਼ਾ ਵਿਗਿਆਨ ਵਿਚ ਭਾਸ਼ਾ ਇਕੱਲ ਵਿਅਕਤਿਤਵ ਦੇ ਰੂਪ ਵਿਚ ਵਰਤੇ ਗਏ ਹਨ। ਭਾਸ਼ਾ ਦੇ ਇਕੱਲ ਪੁਸਤਕ ਅੰਕ ਬਣਾਉਣ ਸਮੇਂ ਵੀ ਵਰਤੇ ਜਾਂਦੇ ਹਨ। ਇਸ ਲਈ ਡਾ. ਰੰਗਾਨਾਥਨ ਨੇ ਭਾਸ਼ਾ ਇਕੱਲਾਂ ਨੂੰ ਸੀ.ਸੀ. ਵਿਚ ਇਕੋ ਵਾਰੀ ਪੰਜਵੇਂ ਅਧਿਆਇ ਦੀ ਅਨੁਸੂਚੀ (ਪੰਨੇ 2.26-2.27) ਤੇ ਚਿਤ੍ਰਿਤ ਕਰ ਦਿੱਤਾ ਹੈ। 1 ਤੋਂ 3 ਤੱਕ ਦੇ ਇਕੱਲੇ ਵਿਚਾਰਾਂ ਵਿਚ ਭਾਸ਼ਾਵਾਂ ਦੇ ਵੱਡੇ ਕੁਲਾਂ ਨੂੰ ਬਿਆਨ ਕੀਤਾ ਗਿਆ ਹੈ। ਉਨ੍ਹਾਂ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਹੜੀਆਂ ਕਿ ਬਹੁਤੀ ਆਬਾਦੀ ਵਲੋਂ ਬੋਲੀਆਂ ਜਾਂਦੀਆਂ ਹੋਣ ਅਤੇ ਮਸ਼ਹੂਰ ਹੋਣ। ਬਹੁਤ ਸਾਰੀਆਂ ਭਾਸ਼ਾਵਾਂ ਗਿਣਤੀ ਕਰਨ ਵੇਲੇ ਛੱਡ ਦਿੱਤੀਆਂ ਗਈਆਂ ਹਨ ਅਤੇ ਹੋਰ ਬਹੁਤੀਆਂ ਭਾਸ਼ਾਵਾਂ ਦੀ ਖੋਜ ਹੀ ਨਹੀਂ ਕੀਤੀ ਗਈ। ਪਰ ਫੇਰ ਵੀ ਛੱਡ ਦਿੱਤੀਆਂ ਗਈਆਂ ਭਾਸ਼ਾਵਾਂ ਦੇ ਇਕੱਲ ਬਣਾਉਣ ਲਈ ਵਿਧੀ ਦੱਸੀ ਗਈ ਹੈ। ਮੋਟੇ ਤੌਰ ਤੇ ਭਾਸ਼ਾਵਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ :

ਪਦ 1 ਨੂੰ ਹਿੰਦ-ਯੂਰਪੀ ਭਾਸ਼ਾਵਾਂ ਲਈ ਵਰਤਿਆ ਗਿਆ ਹੈ,

ਪਦ 2 ਨੂੰ ਸੈਮਿਟਿਕ (Semitic) ਭਾਸ਼ਾਵਾਂ ਲਈ ਵਰਤਿਆ ਗਿਆ ਹੈ।

ਪਦ 3 ਨੂੰ ਦਰਾਵੀੜਿਅਨ ਭਾਸ਼ਾਵਾਂ ਲਈ ਵਰਤਿਆ ਗਿਆ ਹੈ।

ਪਦ 4-9 ਨੂੰ ਦੂਜੀ ਭਾਸ਼ਾਵਾਂ ਭੂਗੋਲਿਕ ਜੁਗਤਾਂ (GD) ਦੁਆਰਾ ਬਣਾਉਣ ਲਈ ਵਰਤਿਆ ਗਿਆ ਹੈ।

ਪਦ 99 ਨੂੰ ਬਣਾਉਟੀ ਭਾਸ਼ਾਵਾਂ ਨੂੰ ਕਾਲ-ਕ੍ਰਮ ਜੁਗਤ (CD) ਨਾਲ ਬਣਾਉਣ ਲਈ ਵਰਤਿਆ ਗਿਆ ਹੈ।

ਜੇਕਰ ਕੋਈ ਭਾਸ਼ਾ ਨਿਸ਼ਚਿਤ ਤੌਰ ਤੇ 1,2 ਜਾਂ 3 ਵਿਚ ਦਿੱਤੇ ਭਾਸ਼ਾ ਕੁਲਾਂ ਵਿਚੋਂ ਕਿਸੇ ਇਕ ਨਾਲ ਮਿਲਦੀ ਜੁਲਦੀ ਹੋਵੇ ਤਾਂ ਉਸਨੂੰ ਉਸੀ ਭਾਸ਼ਾ ਦੇ ਇਕੱਲ ਨਾਲ 9 ਜੋੜ ਕੇ ਅਤੇ ਇਸਤੋਂ ਅੱਗੇ ਭੂਗੋਲਿਕ ਜੁਗਤ (CD) ਨਾਲ ਅੰਕ ਲਗਾ ਕੇ ਨਵਾਂ ਇਕੱਲ ਬਣਾਇਆ ਜਾ ਸਕਦਾ ਹੈ।

ਉਦਾਹਰਣ ਵਜੋਂ ਅਨੁਸੂਚੀ ਵਿਚ ਰੋਮਨ ਭਾਸ਼ਾਵਾਂ ਲਈ ਇਕੱਲ ਅੰਕ ਤਿਆਰ ਨਹੀਂ ਕੀਤੇ ਗਏ, ਪਰ ਇਹ ਭਾਸ਼ਾਵਾਂ

ਲੈਟਿਨ ਭਾਸ਼ਾਵਾਂ ਦੇ ਉਪ-ਕੁਲਾਂ ਨਾਲ ਮੇਲ ਖਾਂਦੀਆਂ ਹਨ, ਇਸ ਲਈ ਰੋਮਨ ਭਾਸ਼ਾਵਾਂ ਲਈ ਇਕੱਲ ਅੰਕ (12+9+5921) = 1295921 ਬਣਾਇਆ ਜਾ ਸਕਦਾ ਹੈ। ਇਸ ਅੰਕ ਵਿਚ 5921 ਰੁਮਾਨੀਆ ਦਾ ਭੂਗੋਲਿਕ ਅੰਕ ਹੈ। ਇਸੀ ਪ੍ਰਕਾਰ ਕੁਝ ਹੋਰ ਉਦਾਹਰਣ ਹੇਠ ਲਿਖੇ ਅਨੁਸਾਰ ਹਨ :

Bihari (it belongs to the Sanskrit sub-family)
15+9+4473 = 1594473

Baluchi (it belongs to Iranian sub-family)
16944Q75

Czech
1495925

Serbo-Croatian
149523

Breton
128923

Yiddish (Teutonic language spoken by Jews)
1194653

Mrikaans (Teutonic sub-family)
11963

Maltese (Semitic sub-family spoken in Malta)
295292

Coptic (Semitic sub-family spoken in Egypt)
29677

ਉਪਰ ਦਿੱਤੇ ਭਾਸ਼ਾ ਕੁਲਾਂ ਨਾਲ ਸੰਬੰਧ ਨਾ ਰੱਖਣ ਵਾਲੀਆਂ ਭਾਸ਼ਾਵਾਂ ਨੂੰ ਭੂਗੋਲਿਕ ਜੁਗਤ (GD) ਨਾਲ ਤਿਆਰ ਕੀਤਾ ਜਾਂਦਾ ਹੈ।

Japanese Language
42

Korean Language
495

Australian

8

Siho (Spoken in North Western China)
41

Nakhi (Spoken in Yunnan Province of Southern China)
4141

Bunnese
438

Thai
433

Malay
435

Indonesian Language
436

Delaware
7314

Fijian
9368

Burnese Language (it belongs to Sino-Tibetian family)
since this family has not been enumerated, so it is got by (GD)
438

Hungarian
5932

Khmer (National Language of Cambodia)
4315

ਬਹੁਤ ਸਾਰੀਆਂ ਬਣਾਉਟੀ ਭਾਸ਼ਾਵਾਂ ਦੇ ਇਕੱਲ ਗਿਣਤੀ ਕੀਤੇ ਗਏ ਹਨ। ਹੋਰ ਕਾਲ-ਕ੍ਰਮ ਜੁਗਤ (CD) ਨਾਲ ਬਣਾਏ ਜਾ ਸਕਦੇ ਹਨ।

Occidental (1922)
99N2

Novial (1928)
99N28

International Picture Language (1931)
99N3

Interglossa
99N4

ਕਾਲਾਂਤਰ ਵਿਚ ਅਤੇ ਦੂਰੀਆਂ ਵਧਣ ਦੇ ਨਾਲ ਸਾਰੀਆਂ ਭਾਸ਼ਾਵਾਂ ਵਿਚ ਬਦਲਾਵ ਆ ਜਾਂਦਾ ਹੈ। ਇਸ ਪ੍ਰਕ੍ਰਿਆ ਨੂੰ ਉਪਭਾਸ਼ਾਵਾਂ ਆਖਿਆ ਜਾਂਦਾ ਹੈ। ਰੰਗਾਨਾਥਨ ਨੇ ਉਪਭਾਸ਼ਾਵਾਂ ਲਈ ਇਕੱਲ ਅੰਕ ਬਣਾਉਣ ਦੀ ਵਿਧੀ P – ਭਾਸ਼ਾ ਵਿਗਿਆਨ ਵਿਚ ਵਿਸਤਾਰ ਸਹਿਤ ਬਿਆਨੀ ਹੈ।

**ਹੋਰ ਪੜ੍ਹਨ ਲਈ :**

1. ਰੰਗਾਨਾਥਨ (ਐਸ.ਆਰ.). ਕੋਲਨ ਕਲਾਸੀਫਿਕੇਸ਼ਨ. ਸੰਸ.6, ਬੰਗਲੌਰ : ਸਾਰਦਾ ਰੰਗਾਨਾਥਨ ਇੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
2. ਕੌਲਾ (ਪੀ.ਐਨ.). ਏ ਟ੍ਰੀਟਾਈਜ਼ ਆਨ ਕਲਾਸੀਫਿਕੇਸ਼ਨ. ਨਿਊ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1985.
3. ਰੰਗਾਨਾਥਨ (ਐਸ.ਆਰ.). ਐਲੀਮੈਂਟਸ ਆਫ ਲਾਇਬਰੇਰੀ ਕਲਾਸੀਫਿਕੇਸ਼ਨ. ਸੰਸ 3. ਬੰਗਲੌਰ : ਸਾਰਦਾ ਰੰਗਾਨਾਥਨ ਇੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
4. ਸਚਦੇਵਾ (ਐਮ.ਐਸ.). ਕੋਲਨ ਕਲਾਸੀਫਿਕੇਸ਼ਨ : ਥਿਉਰੀ ਐਂਡ ਪ੍ਰੈਕਟਿਸ. ਨਵੀਂ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1975.
5. ਸਤੀਜਾ (ਐਮ.ਪੀ.). ਮੈਨੂਅਲ ਫਾਰ ਪ੍ਰੈਕਟੀਕਲ ਕੋਲਨ ਕਲਾਸੀਫਿਕੇਸ਼ਨ : ਥਿਉਰੀ ਐਂਡ ਪ੍ਰੈਕਟਿਸ. ਸੋਧਿਆ ਹੋਇਆ ਸੰਸ 3. ਨਿਊ ਦਿਲੀ : ਸਟਰਲਿੰਗ ਪਬਲਿਸ਼ਰਜ਼, 1995.
6. ਸਤੀਜਾ (ਮਹਿੰਦਰ ਪ੍ਰਤਾਪ) : ਕੋਲਨ ਵਰਗੀਕਰਣ: ਪ੍ਰੈਕਟੀਕਲ ਗਾਈਡ, ਨਿਉ ਦਿੱਲੀ : ਸਤੀਜਾ ਰਿਸਰਚ ਫਾਊਡੇਸ਼ਨ ਇਨ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ, 2013.

**ਪਾਠ ਨੰ. 1.3** **ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

## ਸਾਂਝੇ ਇਕੱਲ (Common Schedules)

### ਉੱਦੇਸ਼

ਕੋਲਨ ਵਰਗੀਕਰਣ ਵਿਚ ਸਾਂਝੇ ਇਕੱਲਾਂ ਦੀ ਹੋਂਦ ਅਤੇ ਵਰਤੋਂ ਤਰਤੀਬਬੱਧ ਵਿਧੀ ਅਨੁਸਾਰ ਵਰਗ ਅੰਕ ਤਿਆਰ ਕਰਨ ਦੇ ਕੰਮ ਨੂੰ ਖੂਬਸੂਰਤੀ ਪ੍ਰਦਾਨ ਕਰਦੀ ਹੈ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਪ੍ਰਲੇਖਾਂ ਦੇ ਵਰਗੀਕਰਣ ਵਿਚ ਸਾਂਝੇ ਇਕੱਲਾਂ ਦੇ ਸੰਕਲਪ ਅਤੇ ਪ੍ਰੈਕਟੀਕਲ ਤੋਂ ਭਲੀ-ਭਾਂਤ ਵਾਕਿਫ ਹੋ ਸਕੋਗੇ।
* ਅਗੇਤਰੇ ਸਾਂਝੇ ਇਕੱਲਾਂ (ACI) ਅਤੇ ਪਿਛੇਤਰੇ ਸਾਂਝੇ ਇਕੱਲਾਂ (PCI) ਵਿਚਕਾਰ ਅੰਤਰ ਸਮਝ ਸਕੋਗੇ।
* ਸਾਂਝੇ ਇਕੱਲਾਂ ਦੀ ਵਰਤੋਂ ਲਈ ਬਣਾਏ ਗਏ ਯੋਜਕ ਚਿੰਨ੍ਹਾਂ ਅਤੇ ਪਹਿਲੂ ਫਾਰਮੂਲਿਆਂ ਨੂੰ ਸਮਝਣ ਯੋਗ ਹੋ ਸਕੋਗੇ।
* ਸਾਂਝੇ ਇਕੱਲਾਂ ਨੂੰ ਵਿਗਿਆਨਕ ਅਤੇ ਸਿਲਸਿਲੇਵਾਰ ਢੰਗ ਨਾਲ ਵਰਤ ਸਕੋਗੇ।

ਕੋਲਨ ਵਰਗੀਕਰਣ (ਸੀ. ਸੀ.) ਵਿਚ ਇਕੱਲ ਗਿਆਨ ਦੀ ਮੂਲ ਅਤੇ ਅੰਤਿਮ ਇਕਾਈ ਹੈ। ਜਿਹੜੇ 'ਇਕੱਲ' ਕੇਵਲ ਇਕ ਮੁੱਖ ਵਰਗ ਲਈ ਹੀ ਬਣਾਏ ਗਏ ਹੋਣ ਉਨ੍ਹਾਂ ਨੂੰ "ਵਿਸ਼ੇਸ਼ ਇਕੱਲ" ਆਖਿਆ ਜਾਂਦਾ ਹੈ। ਇਸਦੇ ਵਿਪਰੀਤ ਅਜਿਹੇ "ਇਕੱਲ" ਜਿਹੜੇ ਕਿ ਇਕ ਵਾਰ ਹੀ ਬਣਾਏ ਗਏ ਹੋਣ ਅਤੇ ਸਾਰੇ ਮੁਖ ਵਰਗਾਂ ਲਈ ਇਕੋ ਜਿਹੇ ਹੀ ਰਹਿਣ, ਉਨ੍ਹਾਂ ਨੂੰ "ਸਾਂਝੇ ਇਕੱਲ" ਆਖਿਆ ਜਾਂਦਾ ਹੈ।

ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ "ਸਾਂਝੇ ਇਕੱਲ" ਕੇਵਲ ਸਹਾਇਕ ਇਕੱਲ ਹੀ ਹਨ ਅਤੇ ਕਿਸੇ ਇਕ ਵਿਸ਼ੇ ਦਾ ਹਿੱਸਾ ਨਹੀਂ ਬਣ ਸਕਦੇ। ਕਿਉਂਕਿ ਇਹ ਹਮੇਸ਼ਾ ਲਈ ਇਕ ਵਾਰ ਹੀ ਸੂਚੀਬੱਧ ਕੀਤੇ ਜਾਂਦੇ ਹਨ, ਇਸ ਲਈ ਇਹ ਜਿਥੇ ਕਿਤੇ ਵੀ ਪ੍ਰਗਟ ਹੋਣ ਇਨ੍ਹਾਂ ਦੇ ਨਾਂ ਅਤੇ ਸੰਕੇਤਕ ਚਿੰਨ੍ਹ ਇਕੋ ਜਿਹੇ ਹੀ ਰਹਿੰਦੇ ਹਨ। ਡੀ.ਡੀ.ਸੀ. ਵਿਚ ਸਾਂਝੇ ਇਕੱਲਾਂ ਨੂੰ ਫ਼ਾਰਮ ਡਵੀਜ਼ਨ (Form Division) ਆਖਿਆ ਜਾਂਦਾ ਸੀ, ਜਿਨ੍ਹਾਂ ਦਾ ਨਾਂ ਬਦਲ ਕੇ ਸਟੈਂਡਰਡ ਸਬਡਵੀਜ਼ਨ (Standard Subdivision) ਕਰ ਦਿੱਤਾ ਗਿਆ। ਸਾਂਝੇ ਇਕੱਲਾਂ ਬਾਰੇ ਡਾ. ਰੰਗਾਨਾਥਨ ਦਾ ਵਿਚਾਰ ਹੈ ਕਿ ਇਹ ਲਗਭਗ ਸਾਰੇ ਵਰਗਾਂ ਨਾਲ ਜੋੜੇ ਜਾ ਸਕਦੇ ਹਨ। ਸਾਂਝੇ ਇਕੱਲ ਮਹਾਨਕੋਸ਼, ਸ਼ਬਦਕੋਸ਼, ਪੀਰੀਆਡੀਕਲ, ਬਿਬਲਿਓਗ੍ਰਾਫੀ, ਸਟੈਟਿਸਟਿਕਸ ਜਾਂ ਪੇਸ਼ਕਾਰੀ ਦੇ ਰੂਪ, ਜਿਵੇਂ ਕਿ ਇਤਿਹਾਸ, ਕਮਿਸ਼ਨ ਰਿਪੋਰਟ, ਕਾਨਫਰੰਸ ਦੀ ਕਾਰਵਾਈ, ਸੰਸਥਾਵਾਂ, ਖੋਜ, ਆਲੋਚਨਾ ਆਦਿ ਭਾਗਾਂ ਨੂੰ ਵਿਅਕਤ ਕਰਦੇ ਹਨ।

ਵਿਸ਼ਿਆਂ ਨੂੰ ਸਹੀ ਢੰਗ ਨਾਲ ਅਪੂਪਾ (Apupa) ਪੈਟਰਨ ਵਿਚ ਤਰਤੀਬ ਹਿੱਤ ਸਾਂਝੇ ਇਕੱਲਾਂ ਤੇ ਬਹੁਤ ਕੁਝ ਮੁਨੱਸਰ ਹੈ। ਰੰਗਾਨਾਥਨ ਨੇ ਸਾਂਝੇ ਇਕੱਲਾਂ ਨੂੰ ਦੋ ਕਿਸਮਾਂ ਵਿਚ ਵੰਡਿਆ ਹੈ ਜਿੰਨ੍ਹਾਂ ਨੂੰ ਅੱਗੇ ਚਲ ਕੇ ਭਾਗਾਂ ਅਤੇ ਉਪਭਾਗਾਂ ਵਿਚ ਵੰਡਿਆ ਗਿਆ ਹੈ।

ਸਾਂਝੇ ਇਕੱਲਾਂ ਦੀਆਂ ਮੋਟੇ ਤੌਰ ਤੇ ਦੋ ਕਿਸਮਾਂ ਹਨ :

(1) ਅਗੇਤਰੇ ਸਾਂਝੇ ਇਕੱਲ (ACI)
(2) ਪਿਛੇਤਰੇ ਸਾਂਝੇ ਇਕੱਲ (PCI)

### 1. ਅਗੇਤਰੇ ਸਾਂਝੇ ਇਕੱਲ (Anteriorising Common Isolate)

ਅਗੇਤਰੇ ਸਾਂਝੇ ਇਕੱਲ ਜਿਸ ਵਿਸ਼ੇ ਨਾਲ ਜੋੜੇ ਜਾਂਦੇ ਹਨ, ਇਹ ਉਸਨੂੰ ਉਸੇ ਸ਼੍ਰੇਣੀ ਦੇ ਹੋਰ ਵਿਸ਼ਿਆਂ ਤੋਂ ਅਗੇਤਰੀ ਥਾਂ ਪ੍ਰਦਾਨ ਕਰਦੇ ਹਨ। ਉਹ ਪ੍ਰਲੇਖ ਜਿਨ੍ਹਾਂ ਨਾਲ ਅਗੇਤਰੇ ਸਾਂਝੇ ਇਕੱਲ ਲਗਾਏ ਜਾਂਦੇ ਹਨ ਉਨ੍ਹਾਂ ਨੂੰ ਬਾਕੀ ਪ੍ਰਲੇਖਾਂ ਤੋਂ ਪਹਿਲਾਂ ਪੜ੍ਹਿਆ ਜਾਂਦਾ ਹੈ।

(ੳ) ਅਗੇਤਰੇ ਸਾਂਝੇ ਇਕੱਲ (ਥਾਂ ਸ਼੍ਰੇਣੀ ਤੋਂ ਪਹਿਲਾਂ ਲਗਾਏ ਜਾਣ ਵਾਲੇ)(Applicable before space Facet)

Dictionary of Library Science

2k

Dictionary of Library Classification

2:51k

Dictionary of Colon Classification

2:51N3k

ਉਪਰੋਕਤ ਉਦਾਹਰਣਾਂ ਦੇ 2k, 2:51k ਅਤੇ 2:51N3k ਨੂੰ ਕ੍ਰਮਵਾਰ 2,2:51 ਅਤੇ 2:51N3 ਤੋਂ ਪਹਿਲਾਂ ਤਰਤੀਬਿਆ ਜਾਵੇਗਾ। ਸਪਸ਼ਟੀਕਰਣ ਲਈ ਸੀ ਸੀ ਦੇ ਪੰਨੇ 1.6 ਤੇ ਨਿਯਮ 0251 ਦਾ ਅਧਿਐਨ ਕੀਤਾ ਜਾ ਸਕਦਾ ਹੈ। ਅਗੇਤਰੇ ਸਾਂਝੇ ਇਕੱਲਾਂ (ACI) ਦੇ ਆਪਣੇ ਪਹਿਲੂ ਫਾਰਮੂਲੇ ਹੁੰਦੇ ਹਨ ਜਿਹੜੇ ਕਿ ਵਿਅਕਤਿਤਵ ਦੇ ਪਹਿਲੇ ਪੱਧਰ [P1] ਅਤੇ ਦੂਜੇ ਪੱਧਰ [P2] ਨੂੰ ਬਿਆਨਦੇ ਹਨ।

ਕੋਲਨ ਵਰਗੀਕਰਣ ਵਿਚ ਅਗੇਤਰੇ ਸਾਂਝੇ ਇਕੱਲਾਂ (ACI's) ਦੇ ਯੋਜਕ ਚਿੰਨ੍ਹ ਅਤੇ ਪਹਿਲੂ ਫਾਰਮੂਲੇ ਸੀ ਸੀ ਵਿਚ ਪੰਨੇ 2.5 ਅਤੇ 2.6 ਤੇ ਦਿੱਤੀ ਗਈ ਅਨੁਸੂਚੀ ਵਿਚ ਦਿੱਤੇ ਗਏ ਹਨ, ਜਦੋਂ ਕਿ ਉਨ੍ਹਾਂ ਨੂੰ ਵਰਤਣ ਦੇ ਨਿਯਮ ਪੰਨੇ 1.43 ਤੋਂ 1.47 ਤੇ ਦਿੱਤੇ ਗਏ ਹਨ।

ਇਨ੍ਹਾਂ ਫਾਰਮੂਲਿਆਂ ਵਿਚ [P1] ਵਿਚ ਅਧਿਕਾਰ ਖੇਤਰ ਜਾਂ ਜਨਮ ਸਥਾਨ ਰੱਖਿਆ ਜਾਂਦਾ ਹੈ, ਜਿਸਨੂੰ ਭੂਗੋਲਿਕ ਜੁਗਤ ਨਾਲ ਬਣਾਇਆ ਜਾਂਦਾ ਹੈ। [P2] ਵਿਚ ਜਨਮ ਜਾਂ ਵਿਕਾਸ ਮਿਤੀ ਆਉਂਦੀ ਹੈ ਜਿਸਨੂੰ ਕਾਲ-ਕ੍ਰਮ ਜੁਗਤ (CD) ਨਾਲ ਤਿਆਰ ਕੀਤਾ ਜਾਂਦਾ ਹੈ। ਪਰ ਜੇਕਰ ACI ਦੇ ਫਾਰਮੂਲੇ ਵਿਚ ਕੇਵਲ ਪਹਿਲੇ ਪੱਧਰ ਦਾ ਵਿਅਕਤਿਤਵ [P1] ਹੀ ਹੋਵੇ ਤਾਂ ਉਹ ਕਾਲ-ਕ੍ਰਮ ਜੁਗਤ (CD) ਨਾਲ ਹੀ ਬਣਾ ਲਿਆ ਜਾਂਦਾ ਹੈ।

ਉਦਾਹਰਣ :

Bibliography on Shakespeare brought upto 1981

0111,2J64aN9

Geographical Atlas (1970)

UfN7

(Here [T] is to be got by the (LED)

Herald of Library Science, India, 1962+)

2m44, N62

IASLIC Bulletin, and

IASLIC Newletter

(ਮੰਨ ਲਵੋ ਦੋਵੇਂ 1957 ਵਿਚ ਛਪਣੇ ਆਰੰਭ ਹੋਏ)

ਤਾਂ ਇਨ੍ਹਾਂ ਦੇ ਕ੍ਰਮਵਾਰ ਵਰਗ ਅੰਕ

2m44, N57

2m44, N 57, 1

(Rule 21m3, page 1.46)

History of Indian Librarianship brought upto 1950's

2v44 'N5

ਜੀਵਨੀਆਂ w ਦੇ ਸੰਦਰਭ ਵਿਚ ਜੇਕਰ ਕਿਸੇ ਇਕ ਵਿਸ਼ੇਸ਼ ਵਿਅਕਤੀ ਦੀ ਜੀਵਨੀ ਹੋਵੇ ਤਾਂ w ਤੋਂ ਬਾਅਦ [T] ਸਹੀ ਜਨਮ ਮਿਤੀ ਲਿਖੀ ਜਾਂਦੀ ਹੈ। ਜੇਕਰ ਸਮੂਹਕ ਜੀਵਨੀਆਂ ਹੋਣ ਤਾਂ ਸਭ ਤੋਂ ਬਾਅਦ ਜਨਮੇ ਵਿਅਕਤੀ ਦੀ ਜਨਮ ਮਿਤੀ ਵਾਲਾ ਅੰਤਿਮ ਪ੍ਰਭਾਵੀ ਦਹਾਕਾ (LED) ਲਗਾਓ।

Biography of Ranganathan

2wM92

Life of Charles Darwin

GwM09

ਜੇਕਰ ਉਹ ਵਿਅਕਤੀ ਜਿਸਦੀ ਜੀਵਨੀ ਲਿਖੀ ਗਈ ਹੈ, ਲੇਖਕ ਹੋਣ ਦੀ ਥਾਂ ਨਾਇਕ (Protagonist) ਹੋਵੇ ਤਾਂ w ਦੀ ਥਾਂ y7 ਪਦ ਵਰਤਿਆ ਜਾਂਦਾ ਹੈ।

Life of Nehru

V44y7M89

Life of Hitler

V55y7M92

Life of Harold Laski

WwM52

Life of Eva Braun (Mistress of Hitler)

V55y7M92

ਈਵਾ ਬਰੌਨ ਨੂੰ ਹਿਟਲਰ ਵਾਲਾ ਵਰਗ ਅੰਕ ਹੀ ਲਗੇਗਾ। ਇਹ ਮੰਨਿਆ ਜਾਂਦਾ ਹੈ ਕਿ ਕੋਈ ਉਸਦੀ ਜੀਵਨੀ ਵਿਚ ਕੇਵਲ ਹਿਟਲਰ ਕਰਕੇ ਹੀ ਦਿਲਚਸਪੀ ਲਵੇਗਾ। ਇੰਝ ਦੋਨੋਂ ਜੀਵਨੀਆਂ ਇਕੱਠੀਆਂ ਰੱਖੀਆਂ ਜਾਣਗੀਆਂ।

ਜੇਕਰ ਕਾਲ ਪਹਿਲੂ ਪਹਿਲਾਂ ਹੀ ਵਰਗ ਅੰਕ ਵਿਚ ਆ ਗਿਆ ਹੋਵੇ ਤਾਂ ਇਸਨੂੰ ਦੁਬਾਰਾ ਨਹੀਂ ਲਿਖਿਆ ਜਾਵੇਗਾ। ਅਜਿਹਾ ਅਕਸਰ 0 ਸਾਹਿਤ ਮੁੱਖ ਵਿਸ਼ੇ ਵਿਚ ਹੀ ਹੁੰਦਾ ਹੈ।

Life of John Keats

0111, 1L92w

Biography of Shakespeare

0111, 2J64w

ਇਸੇ ਤਰ੍ਹਾਂ ਸੰਗ੍ਰਹਿਤ ਕਿਰਤਾਂ ਵਿਚ :

Collected works of Ranganathan

2xM92

Collected works of Melvil Dewey

2xM51

Biographies of Indian Biologists (youngest born in 1939)

Gw44, N3

Works of British Mathematicians (youngest born in 1945)

Bx56, N5

(ਅ) ਅਗੇਤਰੇ ਸਾਂਝੇ ਇਕੱਲ (ਥਾਂ ਪਹਿਲੂ ਤੋਂ ਬਾਅਦ ਲਗਦੇ ਹਨ)(Applicable only after space Facet)

Indian Economic Tables started in 1970

X.44sN

(Only minimum digits are to be used for individualizing)

(ੲ) ਅਗੇਤਰੇ ਸਾਂਝੇ ਇਕੱਲ (ਕਾਲ ਪਹਿਲੂ ਤੋਂ ਬਾਅਦ ਲਗਦੇ ਹਨ)(Applicable only after Time Facet)

Report of the Advisory Committee on Libraries (India, 1957)

2.44 'N57t

Indian Labour Statistics for 1950's

X:9.44 'N5s

Whenever warranted two (ACI)s may be applied in succession :

Library Science Abstracts

2am

Bibliography of Library Science Periodicals brought upto 1970

2 maN 7

Indian National Biography (Started, say in, 1969)

wn44, N69

**2. ਪਿਛੇਤਰੇ ਸਾਂਝੇ ਇਕੱਲ (Posteriorising Common Isolates)**

ਪਿਛੇਤਰੇ ਸਾਂਝੇ ਇਕੱਲ, ਅਗੇਤਰੇ ਸਾਂਝੇ ਇਕੱਲਾਂ ਤੋਂ ਬਿਲਕੁਲ ਅੱਡ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਜਿਸ ਪ੍ਰਲੇਖ ਨਾਲ ਲਗਾਏ ਜਾਂਦੇ ਹਨ ਉਸ ਪ੍ਰਲੇਖ ਦੀ ਥਾਂ ਉਸੀ ਵਰਗ ਅੰਕ ਦੇ ਹੋਰ ਪ੍ਰਲੇਖਾਂ ਤੋਂ ਪਿੱਛੇ ਚਲੀ ਜਾਂਦੀ ਹੈ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਸੰਬੰਧਤ ਪ੍ਰਲੇਖ ਦੇ ਵਰਗ ਅੰਕ ਨਾਲ ਲਗਾਉਣ ਵਾਸਤੇ ਯੋਜਕ ਚਿੰਨ੍ਹ ਲਗਾਉਣਾ ਪੈਂਦਾ ਹੈ।

ਪਿਛੇਤਰੇ ਸਾਂਝੇ ਇਕੱਲ (ਸੀ.ਸੀ. ਦੇ 6ਵੇਂ ਸੰਸਕਰਣ ਵਿਚ) ਦੋ ਕਿਸਮ ਦੇ ਹਨ :

(1) ਊਰਜਾ ਪਿਛੇਤਰੇ ਸਾਂਝੇ ਇਕੱਲ (Energy Common Isolate)

(2) ਵਿਅਕਤਿਤਵ ਪਿਛੇਤਰੇ ਸਾਂਝੇ ਇਕੱਲ (Personality Common Isolate)

ਉਦਾਹਰਣਾਂ :

(ੳ) ਪਿਛੇਤਰੇ ਊਰਜਾ ਸਾਂਝੇ ਇਕੱਲਾਂ ਨੂੰ ਵਰਗ ਅੰਕ ਨਾਲ ਯੋਜਕ ਚਿੰਨ੍ਹ (:) ਲਗਾ ਕੇ ਜੋੜਿਆ ਜਾਂਦਾ ਹੈ :

Literary Criticism

O : g

Experiments on the velocity of ultra violet light

C52 : 21 : f3

Research in Colon Classification

2 : 51N3 :f

Weighing Cases

C 28 : cl

Surveys for Cycle Exports

X 8 (D 5125) : 545 : u

(ਅ) ਵਿਅਕਤਿਤਵ ਪਿਛੇਤਰੇ ਸਾਂਝੇ ਇਕੱਲਾਂ ਨੂੰ ਮੁੱਖ ਵਰਗ ਦੇ ਅੰਕ ਨਾਲ ਯੋਜਕ ਚਿੰਨ੍ਹ (,) ਲਗਾਕੇ ਜੋੜਿਆ ਜਾਂਦਾ ਹੈ। ਇਹ ਵਧੇਰੇ ਕਰਕੇ ਸੰਸਥਾਵਾਂ ਅਤੇ ਸੰਗਠਨਾਂ ਲਈ ਵਰਤੇ ਜਾਂਦੇ ਹਨ। ਇਹ ਅਨੁਸੂਚੀ (ਪੰਨਾ 2.6) ਵਿਚ ਲਿਖੇ ਗਏ ਹਨ ਅਤੇ ਇਨ੍ਹਾਂ ਨੂੰ ਵਰਤਣ ਦੇ ਨਿਯਮ ਪੰਨਾ 1.48 ਤੇ ਮਿਲਦੇ ਹਨ। ਇਨ੍ਹਾਂ ਨੂੰ ਅਕਸਰ ਵਰਗ ਅੰਕ ਤੋਂ ਬਾਅਦ ਥਾਂ "ਇਕੱਲ" ਲਗਾਉਣ ਉਪਰੰਤ ਵਰਤਿਆ ਜਾਂਦਾ ਹੈ।

ਵਿਅਕਤਿਤਵ ਪਿਛੇਤਰੇ ਸਾਂਝੇ ਇਕੱਲਾਂ ਲਈ ਹੇਠ ਲਿਖੇ ਅਨੁਸਾਰ ਪਹਿਲੂ ਫਾਰਮੂਲਾ ਕੰਮ ਕਰਦਾ ਹੈ :

[MC].[Space], b/w, [P1],[P2]:[E]

ਉਪਰ ਦਿੱਤੇ ਫਾਰਮੂਲੇ ਵਿਚ [P1] ਅੱਖਰ-ਕ੍ਰਮ ਜੁਗਤ (AD) ਨਾਲ ਬਣਾਇਆ ਜਾਂਦਾ ਹੈ, ਜੇਕਰ ਇਹ ਸਥਾਨਿਕ ਸੰਸਥਾ ਹੈ। ਪਰ ਜੇਕਰ ਸੰਸਥਾ ਸਥਾਨਕ ਨਾ ਹੋਵੇ ਤਾਂ [P1] ਇਕੱਲ ਅੰਕ 9 ਤੋਂ ਬਾਅਦ ਕਾਲ-ਕ੍ਰਮ ਜੁਗਤ (CD) ਦੀ ਵਰਤੋਂ ਨਾਲ ਬਣਾਇਆ ਜਾਂਦਾ ਹੈ। [P2] ਅਤੇ [E] ਇਤਿਹਾਸ V ਮੁੱਖ ਵਿਸ਼ੇ ਤੋਂ ਲਏ ਜਾਂਦੇ ਹਨ।

ਉਦਾਹਰਣ :

Medical Profession in India

L.44, b

Profession of Homeopathy in India

LL.44, b

Institution of Bankers in India (1901)

X61.44,d, 9 N 01

Functions of the Principal of Khalsa College of Education, Amritsar

T.4443,e4, K, 1:3

Here [$P_1$] has been got by (AD). [$P_2$] and [E] got from the main class V History.

International Council of Scientific Unions (ICSU)

A. 1, g, 9N

Election of the IASLIC President

24.44,g. 9 N 6, 1 : 91

(ਇਥੇ 1 ਅਤੇ 91 ਕ੍ਰਮਵਾਰ ਮੁੱਖ ਵਰਗ V ਇਤਿਹਾਸ ਦੀ [$P_2$] ਅਤੇ [E][2P] ਤੋਂ ਲਏ ਗਏ ਹਨ।)

Association of Commonwealth Universities

T 4.1N48, g, 9 N5

International Federation of Information and Documentation (FID)

2 : 97.1, d, 9M

It is also possible that a (PCI) and an (ACI) may be applied together in one and the same class number :

Annual Report of the Guru Nanak Dev University, Amritsar

T4.4443, d, Gr

Report of the Indian Mathematical Society

B44. g, 9 Nr

ਸਾਂਝੇ ਇਕੱਲਾਂ ਦੀ ਇਕ ਹੋਰ ਅਨੋਖੀ ਕਿਸਮ P ਭਾਸ਼ਾ ਵਿਗਿਆਨ ਅਤੇ Z ਕਾਨੂੰਨ ਵਿਚ ਵੇਖਣ ਨੂੰ ਮਿਲਦੀ ਹੈ।

P ਭਾਸ਼ਾ-ਵਿਗਿਆਨ ਦੀ [P3] ਦੇ ਉਪ ਭਾਗ 11 ਅਤੇ 15 (ਵੇਖੋ ਸੀ ਸੀ ਪੰਨਾ 2.95) ਦੇ ਆਪਣੇ ਹੀ ਸਾਂਝੇ ਇਕੱਲ ਹਨ। ਇਹ ਸਾਂਝੇ ਇਕੱਲ ਸਿਰਫ ਉੱਥੇ ਹੀ ਲਾਗੂ ਹੁੰਦੇ ਹਨ, ਹੋਰ ਕਿਤੇ ਨਹੀਂ।

Nasal Consonants

P, 1508

Rolled velar consonants of modern English

P111, J15303

Similarly in [$P_2$] 5 of Z Law, 04 Abetment is attachable to all its sub-divisions :

Indian Law regarding abetment in breach of contract

Z 44, 5304

Indian Law for abetment of war crimes

Z 44, 5 ZA 04

ਸਾਂਝੇ ਇਕੱਲਾਂ ਦੀਆਂ ਕੁਝ ਹੋਰ ਉਦਾਹਰਣਾਂ ਹੇਠ ਦਿੱਤੀਆਂ ਜਾਂਦੀਆਂ ਹਨ :

Collected poetry of Tagore

0157, 1 M 61x

Hindi short stories (by various authors, the youngest born in 1940)

0152, 3x N 5

Letters of Charles Darwin

GwM09, 4

Letters of Lord Alfred Tennyson (Born 1809)

0111, 1 M09,4

Annual Export Statistics of India

X: 545.44s N

ਇਕੱਲਾਂ ਨੂੰ ਹੇਠ ਲਿਖੇ ਟੇਬਲ ਅਨੁਸਾਰ ਚਿਤ੍ਰਿਤ ਕਰਕੇ ਸਮਝਿਆ ਜਾ ਸਕਦਾ ਹੈ :

ਇਕੱਲ
- ਵਿਸ਼ੇਸ਼ ਇਕੱਲ (S1)
  - ਸਥਾਈ ਵਿਸ਼ੇਸ਼ : ਕੇਵਲ ਤੇ ਕੇਵਲ ਇਕ ਮੁੱਖ ਵਿਸ਼ੇ ਲਈ ਵਰਤੇ ਜਾਂਦੇ ਹਨ
  - ਸਮਾਨਾਂਤਰ ਅਨੁਸੂਚੀਆਂ : ਕੁਝ ਮੁੱਖ ਵਰਗਾਂ ਲਈ ਸਾਂਝੇ
- ਸਾਂਝੇ ਇਕੱਲ (C1)
  - ਅਗੇਤਰੇ ਸਾਂਝੇ ਇਕੱਲ (ACI)
    - ਥਾਂ ਪਹਿਲੂ ਤੋ ਪਹਿਲਾਂ ਲਗਦੇ ਹਨ
    - ਥਾਂ ਪਹਿਲੂ ਤੋਂ ਬਾਅਦ ਲਗਾਏ ਜਾਂਦੇ ਹਨ
    - ਕਾਲ ਪਹਿਲੂ ਤੋਂ ਬਾਅਦ ਲਗਦੇ ਹਨ
  - ਪਿਛਲੇਰੇ ਸਾਂਝੇ ਇਕੱਲ (PCI)
    - ਵਿਅਕਤਿਤਵ [PCI]
    - ਊਰਜਾ [PCI]

**ਪਾਠ ਨੰ. 1.4** **ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

# ਸਵੈ-ਚਿਰਸਥਾਈ ਨਿਰਭਰਤਾ ਲਈ ਜੁਗਤਾਂ (Devices)

## ਉੱਦੇਸ਼

ਕੋਲਨ ਵਰਗੀਕਰਣ ਵਿਚ ਵਰਗ ਅੰਕਾਂ ਨੂੰ ਸੂਖਮਤਾ ਪ੍ਰਦਾਨ ਕਰਨ ਲਈ ਵੱਖ-ਵੱਖ ਜੁਗਤਾਂ ਦੀ ਵਿਵਸਥਾ, ਬਾਕੀ ਵਰਗੀਕਰਣ ਸੰਦਾਂ ਨਾਲੋਂ ਵਧੇਰੇ ਵਿਆਪਕ ਢੰਗ ਨਾਲ ਲਾਗੂ ਕੀਤੀ ਗਈ ਹੈ। ਇਹ ਜੁਗਤਾਂ ਵਰਗਕਾਰ (classifier) ਨੂੰ ਵਧੇਰੇ ਖੁਦ-ਮੁਖ਼ਤਾਰੀ ਪ੍ਰਦਾਨ ਕਰਦੀਆਂ ਹਨ ਅਤੇ ਅਨੁਸੂਚੀਆਂ ਦਾ ਆਕਾਰ ਛੋਟਾ ਰੱਖਣ ਵਿਚ ਸਹਾਇਕ ਹੋਈਆਂ ਹਨ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਇਕੱਲ ਬਣਾਉਣ ਅਤੇ ਉਨ੍ਹਾਂ ਨੂੰ ਤਿੱਖੇ ਜਾਂ ਸੂਖਮ ਕਰਨ ਦੇ ਵੱਖ-ਵੱਖ ਸਿਧਾਂਤਾਂ ਬਾਰੇ ਜਾਣਕਾਰੀ ਹਾਸਲ ਕਰ ਸਕੋਗੇ;
* ਇਕੱਲਾਂ ਨੂੰ ਵਧੇਰੇ ਸੂਖਮਤਾ ਅਤੇ ਸਪਸ਼ਟਤਾ ਪ੍ਰਦਾਨ ਕਰਨ ਵਾਲੀਆਂ ਜੁਗਤਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੋਗੇ ; ਅਤੇ
* ਇਨ੍ਹਾਂ ਜੁਗਤਾਂ ਦੀ ਵਰਤੋਂ ਨਾਲ ਕੁਝ ਇਕੱਲ ਬਣਾ ਸਕੋਗੇ।

ਸੀ ਸੀ ਦੇ ਵਰਗ ਅੰਕ ਢਾਲਣ ਯੋਗ ਅਤੇ ਲਚਕਦਾਰ ਹੁੰਦੇ ਹਨ। ਰੰਗਾਨਾਥਨ ਨੇ ਇਕੱਲਾਂ ਨੂੰ ਜੁਗਤਾਂ ਦੇ ਬਲ ਨਾਲ ਸਪਸ਼ਟਤਾ ਪ੍ਰਦਾਨ ਕਰਨ, ਅਤੇ ਨਵੇਂ ਇਕੱਲਾਂ ਨੂੰ ਬਣਾਉਣ ਦੀ ਯੋਗਤਾ ਰੱਖਣ ਕਾਰਨ ਕੋਲਨ-ਵਰਗੀਕਰਣ ਨੂੰ ਸਵੈ-ਚਿਰਸਥਾਈ ਰੂਪ ਵਿਚ ਪੇਸ਼ ਕੀਤਾ ਹੈ। ਕੀ ਕੋਈ ਵਰਗੀਕਰਣ ਪ੍ਰਣਾਲੀ ਆਪਣੇ ਆਪ ਵਿਚ ਸਵੈ-ਚਿਰਸਥਾਈ ਹੋ ਸਕਦੀ ਹੈ, ਇਸ ਗੱਲ ਵਿਚ ਕਾਫੀ ਸ਼ੱਕ ਦੀ ਗੁੰਜਾਇਸ਼ ਹੈ, ਜਾਂ ਅਸੀਂ ਆਖ ਸਕਦੇ ਹਾਂ ਕਿ ਇਸ ਵਿਸ਼ੇ ਤੇ ਬਹਿਸ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਜੁਗਤਾਂ ਦੀ ਮਦਦ ਨਾਲ ਕਿਸੇ ਵੀ ਇਕੱਲੇ ਅੰਕ ਨੂੰ ਇਤਨਾ ਨਿੱਗਰ ਕੀਤਾ ਜਾ ਸਕਦਾ ਹੈ ਕਿ ਉਹ ਮੌਕੇ ਦੇ ਮੁਤਾਬਕ ਵਾਜਬ ਬਣ ਸਕੇ। ਇਨ੍ਹਾਂ ਜੁਗਤਾਂ ਦੀ ਗਿਣਤੀ ਕੀਤੀ ਜਾਂਦੀ ਹੈ :

| | | |
|---|---|---|
| (1) | ਕਾਲ-ਕ੍ਰਮ ਜੁਗਤ | (CD) (Chronological device) |
| (2) | ਵਿਸ਼ਾ ਜੁਗਤ | (SD) (Subject device) |
| (3) | ਭੂਗੋਲਿਕ ਜੁਗਤ | (GD) (Geographical device) |
| (4) | ਅੱਖਰ-ਕ੍ਰਮ ਜੁਗਤ | (AD) (Alphabetical device) |
| (5) | ਯਾਦ ਸਹਾਇਕ ਜੁਗਤ | (MD) (Mnemonic device) |
| (6) | ਕਲਾਸਕੀ ਜੁਗਤ | (CLD) (Classic device) |
| (7) | ਅਧਿਆਰੋਪਣ ਜੁਗਤ | (SID) (Superimposition device) |

ਇਹ ਜੁਗਤਾਂ ਸੀ ਸੀ ਵਿਚ ਸਤਿਕਾਰਿਤਾ (Hospitality) ਵਧਾਉਣ ਵਾਲੀਆਂ ਜੁਗਤਾਂ ਵਿਚ ਅਡੋਲ ਸਥਾਨ ਰੱਖਦੀਆਂ ਹਨ।

ਜੁਗਤਾਂ ਦਾ ਸੰਖਿਪਤ ਵੇਰਵਾ ਅਤੇ ਉਦਾਹਰਣ ਦਿੱਤੇ ਜਾਂਦੇ ਹਨ :

### (1) ਕਾਲ-ਕ੍ਰਮ ਜੁਗਤ (CD) (Chronological device)

ਇਹ ਵਿਆਪਕ ਅਤੇ ਅਸਾਨੀ ਨਾਲ ਵਰਤਣ ਯੋਗ ਜੁਗਤ ਹੈ। ਕਾਲ ਜੁਗਤ ਉਦੋਂ ਵਰਤੀ ਜਾਂਦੀ ਹੈ ਜਦੋਂ ਕਿਸੇ ਅਸਤਿਤਵ ਦੀ ਹੋਂਦ ਵਿਚ ਕਾਲ ਜਾਂ ਸਮੇਂ ਦੀ ਪ੍ਰਬਲਤਾ ਨੂੰ ਨਜ਼ਰ-ਅੰਦਾਜ਼ ਨਾ ਕੀਤਾ ਜਾ ਸਕਦਾ ਹੋਵੇ। ਇਸ ਜੁਗਤ ਵਿਚ ਅੰਤਿਮ ਵਰਗ ਅੰਕ ਦੇ ਨਾਲ ਉਸ ਅਸਤਿੱਤਵ ਦੇ ਮੁੱਢ ਜਾਂ ਆਰੰਭ ਹੋਣ ਦੇ ਸਮੇਂ ਨੂੰ ਜੋੜ ਲਿਆ ਜਾਂਦਾ ਹੈ। ਕੁਝ ਹੋਰ ਹਾਲਤਾਂ ਵਿਚ ਇਕੱਲ ਪੂਰੀ ਤਰ੍ਹਾਂ ਕਾਲ-ਕ੍ਰਮ ਜੁਗਤ (CD) ਨਾਲ ਤਿਆਰ ਕੀਤਾ ਜਾ ਸਕਦਾ ਹੈ।

ਸੀ. ਸੀ. ਵਿਚ ਸਾਰੇ ਪ੍ਰਣਾਲੀ ਪਹਿਲੂ (System Facet) ਇਸ ਜੁਗਤ ਨਾਲ ਤਿਆਰ ਕੀਤੇ ਜਾਂਦੇ ਹਨ। ਪ੍ਰਮਾਣਿਤ

ਉਪਵਰਗ (canonical class) B6 ਰੇਖਾਗਣਿਤ ਦੀਆਂ ਪ੍ਰਣਾਲੀਆਂ ਕਾਲ-ਕ੍ਰਮ ਜੁਗਤ ਨਾਲ ਬਣਾਈਆਂ ਜਾਂਦੀਆਂ ਹਨ :

| | |
|---|---|
| B6M | Non-Euclidean Geometry |
| B6M3 | Elliptic Geometry |
| B6N | Line Complex Geometry |

ਧਾਰਮਕ ਸੰਪ੍ਰਦਾਇ (Sects) ਵੀ ਕਾਲ-ਕ੍ਰਮ ਜੁਗਤ (CD) ਨਾਲ ਬਣਾਏ ਜਾ ਸਕਦੇ ਹਨ :

| | |
|---|---|
| Q68J3 | Baptist |
| Q68L4 | New Church |
| Q68L6 | Methodists |
| Q78M9 | Ahmadiya Muslims |

B ਗਣਿਤ, C ਭੌਤਿਕ ਵਿਗਿਆਨ, L ਚਕਿਤਸਾ ਵਿਗਿਆਨ, Q ਧਰਮ, S ਮਨੋਵਿਗਿਆਨ, T ਸਿੱਖਿਆ, V ਇਤਿਹਾਸ ਅਤੇ X ਅਰਥ-ਸ਼ਾਸਤਰ ਮੁੱਖ ਵਰਗਾਂ ਦੇ ਪ੍ਰਣਾਲੀ ਪਹਿਲੂ ਕਾਲ-ਕ੍ਰਮ ਜੁਗਤ (CD) ਨਾਲ ਬਣਾਏ ਗਏ ਹਨ।

CC ਵਿਚ ਜਿੱਥੇ ਕਿਤੇ ਕਾਲ-ਕ੍ਰਮ ਜੁਗਤ ਦੀ ਵਰਤੋਂ ਦੀ ਲੋੜ ਹੋਵੇ ਉਥੇ ਇਸ਼ਾਰਾ ਕਰ ਦਿੱਤਾ ਗਿਆ ਹੈ। ਉਪਰ ਦਿੱਤੀਆਂ ਉਦਾਹਰਣਾਂ ਤੋਂ ਇਕ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਇਹ ਜਰੂਰੀ ਨਹੀਂ ਕਿ ਕਾਲ-ਕ੍ਰਮ ਜੁਗਤ ਵਿਚ ਅਸਤਿੱਤਵ ਦੇ ਹੋਂਦ ਵਿਚ ਆਉਣ ਦਾ ਸਹੀ ਸਾਲ ਹੀ ਲਿਖਿਆ ਜਾਵੇ। ਰੰਗਾਨਾਥਨ ਨੇ ਤਜਵੀਜ ਦਿੱਤੀ ਹੈ ਕਿ ਕਿਸੇ ਪੰਗਤੀ ਦੇ ਪਹਿਲੇ ਇਕੱਲ ਲਈ ਜਿਸਦੇ ਆਰੰਭ ਜਾਂ ਜਨਮ ਦਾ ਕਾਲ ਉਸ ਸ਼ਤਾਬਦੀ ਵਿਚ ਆਉਂਦਾ ਹੈ, ਤਾਂ ਉਸ ਸ਼ਤਾਬਦੀ ਨੂੰ ਬਿਆਨ ਕਰਨ ਵਾਲਾ ਪਹਿਲਾ ਅੰਕ ਹੀ ਕਾਲ-ਕ੍ਰਮ ਜੁਗਤ ਵਜੋਂ ਵਰਤਿਆ ਜਾ ਸਕਦਾ ਹੈ। ਉਹ ਅੱਗੇ ਆਖਦੇ ਹਨ ਕਿ ਜੇਕਰ ਉਸੇ ਸ਼ਤਾਬਦੀ ਵਿਚ ਕੋਈ ਦੂਜਾ ਇਕੱਲ ਬਣਾਉਣਾ ਪੈ ਜਾਵੇ ਤਾਂ ਉਸ ਲਈ ਉਸ ਸ਼ਤਾਬਦੀ ਦੇ ਪਹਿਲੇ ਦੋ ਅੱਖਰ ਵਰਤੇ ਜਾ ਸਕਦੇ ਹਨ। ਸੀ ਸੀ ਵਿਚ ਕਾਲ-ਕ੍ਰਮ ਜੁਗਤ ਲਈ ਪ੍ਰਭਾਵੀ ਦਹਾਕਾ (ED) ਜਾਂ ਅੰਤਿਮ ਪ੍ਰਭਾਵੀ ਦਹਾਕਾ (LED) ਲਈ ਢੁਕਵੀਂ ਥਾਵਾਂ ਤੇ ਨਿਰਦੇਸ਼ ਦਿੱਤੇ ਹੁੰਦੇ ਹਨ। ਇਸ ਨਿਯਮ ਨਾਲ ਜਿੱਥੋਂ ਤੱਕ ਸੰਭਵ ਹੋ ਸਕੇ ਕਾਲ-ਕ੍ਰਮ ਜੁਗਤ ਨਾਲ ਘੱਟ ਤੋਂ ਘੱਟ ਪਦਾਂ ਦੀ ਵਰਤੋਂ ਕਰਕੇ ਹਰ ਇਕ ਇਕੱਲ ਲਈ ਵੱਖਰਾ ਅੰਕ ਬਣਾਉਣ ਦਾ ਯਤਨ ਕੀਤਾ ਗਿਆ ਹੈ। ਇਹ ਨਿਯਮ ਵਰਗੀਕਰਣ ਪ੍ਰਣਾਲੀਆਂ ਲਈ ਵਰਗ ਅੰਕ ਤਿਆਰ ਕਰਕੇ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ :

| | | |
|---|---|---|
| (1) | Dewey Decimal Classification (DDC) | (1876) |
| (2) | Cutter's Expansive Classification (EC) | (1891) |
| (3) | Universal Decimal Classification (UDC) | (1896) |
| (4) | Library of Congress Classification (LC) | (1904) |
| (5) | Colon Classification (CC) | (1933) |
| (6) | Bliss' Bibliographic Classification (BC) | (1935) |

ਉਪਰੋਕਤ ਵਰਗੀਕਰਣ ਪ੍ਰਣਾਲੀਆਂ ਦੇ ਵਰਗ ਅੰਕ ਕ੍ਰਮ-ਅਨੁਸਾਰ ਹੇਠ ਦਿੱਤੇ ਜਾਂਦੇ ਹਨ :

| | | | |
|---|---|---|---|
| (1) | DDC | 2:51M | (Being the first scheme of the 19th century) |
| (2) | EC | 2:51M9 | (Being the second scheme of the 19th century) |
| (3) | UDC | 2:51M96 | (Being the third scheme of the 19th century ; and second of the 10th decade of the 19th century) |
| (4) | LC | 2:51N | (Being the first scheme of the 20th century) |
| (5) | CC | 2:51N3 | (Being the second scheme of the 20th century) |
| (6) | BC | 2:51N31 | (Being the third scheme of the 20th century) |

ਜਿਵੇਂ ਕਿ ਪਹਿਲਾਂ ਹੀ ਦੱਸਿਆ ਗਿਆ ਹੈ, ਕਾਲ-ਕ੍ਰਮ ਜੁਗਤ ਦਾ ਦੂਜਾ ਵੱਡਾ ਉੱਦੇਸ਼ ਮੂਲ ਰੂਪ ਵਿਚ ਨਵੇਂ ਇਕੱਲ ਤਿਆਰ ਕਰਨਾ ਹੁੰਦਾ ਹੈ। ਜਿਵੇਂ ਕਿ ਹੇਠ ਲਿਖੇ ਵਰਗਾਂ ਲਈ [$P_2$] ਜਾਂ [$P_3$] ਕਾਲ-ਜੁਗਤ ਨਾਲ ਤਿਆਰ ਕਰਨ ਬਾਰੇ ਲਿਖਿਆ ਮਿਲਦਾ ਹੈ :

| | |
|---|---|
| NA ਤੋਂ NR ਕੋਮਲ ਕਲਾਵਾਂ ਵਿਚ | [$P_2$] |
| O ਸਾਹਿਤ ਵਿਚ | [$P_3$] |
| P ਭਾਸ਼ਾ ਵਿਗਿਆਨ ਵਿਚ | [$P_2$] |
| ਅਗੇਤਰੇ ਸਾਂਝੇ ਇਕੱਲਾਂ (ACI) ਲਈ | [$P_2$] |

ਉਦਾਹਰਣ :- ਮੁਗਲ ਪੇਂਟਿੰਗਜ਼ NQ44,J (ਇਸ ਵਰਗ ਅੰਕ ਵਿਚ $P_2$ ਕਾਲ-ਕ੍ਰਮ ਜੁਗਤ ਨਾਲ ਤਿਆਰ ਕੀਤੀ ਗਈ ਹੈ।

ਮੁੱਖ ਵਰਗ O ਸਾਹਿਤ ਵਿਚ ਲੇਖਕ ਪਹਿਲੂ [$P_3$] ਹਮੇਸ਼ਾ ਲੇਖਕ ਦੀ ਜਨਮ ਮਿਤੀ ਲਗਾ ਕੇ ਤਿਆਰ ਕੀਤਾ ਜਾਂਦਾ ਹੈ, ਅਤੇ ਸਾਹਿਤ-ਸੰਗ੍ਰਹਿ ਦੇ ਕੇਸ ਵਿਚ ਸਭ ਤੋਂ ਘੱਟ ਉਮਰ ਦੇ ਲੇਖਕ ਦੀ ਜਨਮ ਮਿਤੀ ਵਾਲੇ ਅੰਤਿਮ ਪ੍ਰਭਾਵੀ ਦਹਾਕੇ (LED) ਨੂੰ ਲਿਖਿਆ ਜਾਂਦਾ ਹੈ।

John Keats
O 111, 1L92
George Bernard Shaw
O 111, 2M56
Prem Chand : Gaudan
O 152, 3M12, G
Anthology of Punjabi poetry
0153, 1xN5
(The youngest author is 1949 born)

ਅਗੇਤਰੇ ਸਾਂਝੇ ਇਕੱਲਾਂ ਲਈ [$P_2$] (CD) ਨਾਲ ਤਿਆਰ ਕੀਤੀ ਜਾਂਦੀ ਹੈ। ਪਰ ਸੰਖੇਪਤਾ ਨੂੰ ਧਿਆਨ ਵਿਚ ਰੱਖਦੇ ਹੋਏ ਨਿਯਮ 05813 ਅਤੇ 05814 (ਪੰਨਾ 1.29) ਅਨੁਸਾਰ ਕੰਮ ਕੀਤਾ ਜਾਂਦਾ ਹੈ।

Library Journal
2m73, M
Soviet Encyclopedia
k58, N
American Men of Science
Awn73, N
All India Conference on Colon Classification (1962)
2:51N3p44, N62

ਸੰਗ੍ਰਹਿਤ ਕਿਰਤਾਂ, ਜੀਵਨੀ ਅਤੇ ਆਤਮ-ਕਥਾ ਲਈ [$P_1$] (CD) ਦੁਆਰਾ ਬਣਾਈ ਜਾਂਦੀ ਹੈ।

Collected works of Ranganathan
2xM92
Biography of Ranganathan
2w M92

ਵਿਅਕਤਿੱਤਵ ਪਿਛੇਤਰੇ ਸਾਂਝੇ ਇਕੱਲਾਂ (PPCI) ਲਈ [$P_1$] ਪਹਿਲੇ (CD) ਨਾਲ ਬਣਾਈ ਜਾਂਦੀ ਹੈ, ਪਰ (CD) ਤੋਂ ਪਹਿਲਾਂ 9 ਪਦ ਲਗਾਇਆ ਜਾਂਦਾ ਹੈ।

Indian Library Association
2.44,g, 9N
Indian Association of Information Scientists 1976
2.44,g, 9N76

### (2) ਵਿਸ਼ਾ ਜੁਗਤ (SD) (Subject device)

ਇਹ ਬਹੁਤ ਹੀ ਸ਼ਕਤੀਸ਼ਾਲੀ ਜੁਗਤ ਹੈ, ਜਿਸਨੂੰ ਵਰਗਕਾਰ ਲੋੜ ਅਨੁਸਾਰ ਤੁਰੰਤ ਵਰਤ ਸਕਦੇ ਹਨ। ਕੋਲਨ ਵਰਗੀਕਰਣ ਦੇ ਵਰਗ ਅੰਕ ਵਿਚ ਗੋਲ ਬ੍ਰੈਕਟਾਂ ਵਿਚ ਲੱਗਿਆ ਕੋਈ ਵੀ ਵਰਗ ਅੰਕ ਵਿਸ਼ਾ ਜੁਗਤ ਦਾ ਬੋਧ ਕਰਾਂਦਾ ਹੈ। ਸੀ ਸੀ ਵਾਂਗ ਹੀ DDC ਵਿਚ 18ਵੇਂ ਸੰਸਕਰਣ ਤੋਂ "Add to ........" ਵਿਸ਼ਾ ਜੁਗਤ ਦੇ ਤੌਰ ਤੇ ਵਰਤਿਆ ਗਿਆ ਹੈ। "Add to ..........." ਤੋਂ ਬਾਅਦ ਆਉਣ ਵਾਲਾ ਵਰਗ ਅੰਕ ਵਿਸ਼ਾ ਜੁਗਤ ਨਾਲ ਪ੍ਰਾਪਤ ਕੀਤਾ ਜਾਂਦਾ ਹੈ।

ਕੋਲਨ ਵਰਗੀਕਰਣ ਵਿਚ ਵੱਖ-ਵੱਖ ਥਾਵਾਂ ਤੇ ਵਿਸ਼ਾ ਜੁਗਤ (SD) ਲਾਉਣ ਦੀਆਂ ਹਦਾਇਤਾਂ ਮਿਲਦੀਆਂ ਹਨ, ਪਰ ਜੇਕਰ ਕੋਈ ਹਦਾਇਤ ਨਾ ਵੀ ਹੋਵੇ, ਤਾਂ ਵੀ ਅਸੀਂ ਜਿਥੇ ਕਿਤੇ ਲੋੜ ਮਹਿਸੂਸ ਹੋਵੇ ਗੋਲ ਬ੍ਰੈਕਟਾਂ ਵਿਚ ਵਿਸ਼ਾ ਜੁਗਤ (SD) ਦੀ ਵਰਤੋਂ ਕਰ ਸਕਦੇ ਹਾਂ। ਵਿਸ਼ਾ ਜੁਗਤ ਕਿਵੇਂ ਲਗਾਉਣੀ ਹੈ, ਇਹ ਜਾਣਨਾ ਸੌਖਾ ਹੈ; ਪਰ ਇਸਨੂੰ ਕਿਵੇਂ ਵਰਤਣਾ ਹੈ ਇਹ ਥੋੜਾ ਔਖਾ ਕੰਮ ਹੈ। ਜੇਕਰ ਸੁਚੱਜੇ ਢੰਗ ਨਾਲ ਜਾਣਕਾਰੀ ਨਾ ਦਿੱਤੀ ਹੋਵੇ, ਤਾਂ ਇਹ ਗੱਲ ਨਿਸ਼ਚਿਤ ਕਰਨੀ ਕਿ; ਕੀ ਵਿਸ਼ਾ ਜੁਗਤ ਪਹਿਲੂ ਨੂੰ ਵਿਅਕਤਿੱਤਵ ਮੰਨਣਾ ਹੈ ਜਾਂ ਊਰਜਾ ਥੋੜਾ ਔਖਾ ਜਾਪਦਾ ਹੈ।

ਉਦਾਹਰਣ ਵਜੋਂ '24' ਵਿਸ਼ੇਸ਼ ਲਾਇਬਰੇਰੀਆਂ; D6,8 ਮਕੈਨੀਕਲ ਇੰਜਨੀਅਰਿੰਗ; R4 ਨੀਤੀ ਸ਼ਾਸਤਰ; S4 ਕਿੱਤਾ ਮਨੋਵਿਗਿਆਨ; T ਸਿੱਖਿਆ, X8 ਉਦਯੋਗ, V:19 ਵਿਦੇਸ਼ ਨੀਤੀ; Z ਕਾਨੂੰਨ; ਅਤੇ ਹੋਰ ਕਈ ਵਿਸ਼ਿਆਂ ਵਿਚ ਵਿਸ਼ਾ ਜੁਗਤ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ।

ਉਪਰੋਕਤ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :

| | |
|---|---|
| 24 (Z) | Law Libraries |
| D6, 8(B) | Computers |
| S4 (L) | Psychology of Doctors |
| V44: 19(X) | India's Foreign Economic Policy |
| X8 (J) | Agricultural Economics |
| Y73 (Q7) | Muslim Society |
| Z (Q6) | Christian Law |
| T: 3(B) | Teaching of Mathematics |
| 2: 51, (9X) | Library Classification of Economics |

G:3 ਲਈ [2M] ਦੇ ਇਕੱਲ (SD) ਨਾਲ ਲੈਣੇ ਹਨ।

Effect of Tea on the Living Organism

G : 3 : (J451)

ਜਦੋਂ ਇਕ ਵਿਸ਼ਾ ਦੂਜੇ ਨਾਲ ਲਗਾਇਆ ਜਾਂਦਾ ਹੈ ਤਾਂ ਦੂਜਾ ਵਿਸ਼ਾ ਊਰਜਾ ਪਹਿਲੂ ਮੰਨਿਆ ਜਾਂਦਾ ਹੈ :

Philosophy of Education

T : (R)

Educational Psychology

T : (S)

ਗਣਿਤ, ਦਰਸ਼ਨ ਸ਼ਾਸਤਰ, ਕਾਨੂੰਨ ਅਤੇ ਕਦੇ ਕਦੇ ਸਮਾਜ ਵਿਗਿਆਨ ਊਰਜਾ ਦੇ ਰੂਪ ਵਿਚ ਵਿਸ਼ਾ ਜੁਗਤ ਦੁਆਰਾ ਲਗਾਏ ਜਾਂਦੇ ਹਨ, ਕਿਉਂਕਿ ਇਹ ਕਈ ਵਾਰ ਊਰਜਾ ਜਾਂ ਸੰਕਟ ਨਿਵਾਰਣ ਦੇ ਢੰਗ ਦੇ ਰੂਪ ਵਿਚ ਵਰਤੇ ਜਾਂਦੇ ਹਨ :

Mathematical Economics

X : (B)

Philosophy of History

V : (R)

Labour Laws

X : 9 : (Z)
Biophysics
G : (C)
Biophysics of the Eyes
G 185 : (C)
Mathematical Biophysics
G : (C) : (B)

ਜਿਵੇਂ ਕਿ ਭੂਗੋਲਿਕ ਇਕੱਲਾਂ ਦੇ ਅਧਿਆਇ ਵਿਚ ਦੱਸਿਆ ਗਿਆ ਹੈ, ਥਾਂ ਇਕੱਲ ਵੀ ਵਿਸ਼ਾ ਜੁਗਤ ਨਾਲ ਤਿਆਰ ਕੀਤੇ ਜਾਂ ਵਧਾਏ ਜਾ ਸਕਦੇ ਹਨ।

| | |
|---|---|
| 1 (Q7) | Muslim countries |
| 5 (Q7) | Muslim Europe |
| 44 (P152) | Hindi Speaking States of India |
| 4 (Y : 52) | Over populated countries of Asia |

ਵਿਸ਼ਾ ਜੁਗਤ ਲਗਾਉਣ ਵੇਲੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਵਿਸ਼ਾ ਜੁਗਤ (SD) ਨਾਲ ਕੋਈ ਨਵਾਂ ਇਕੱਲ ਬਣਾਉਣ ਤੋਂ ਪਹਿਲਾਂ ਵੇਖਿਆ ਜਾਵੇ ਕਿ ਕੀ ਉਸ ਬਾਰੇ ਅਨੁਸੂਚੀਆਂ ਵਿਚ ਪਹਿਲਾਂ ਹੀ ਕੋਈ ਉਪਰਾਲਾ ਤਾਂ ਨਹੀਂ ਕੀਤਾ ਗਿਆ। ਉਦਾਹਰਣ ਵਜੋਂ Mathematical Geography ਲਈ ਵੇਖਦੇ ਸਾਰ ਹੀ ਵਰਗ ਅੰਕ U:(B) ਲਗਾਇਆ ਜਾ ਸਕਦਾ ਹੈ। ਪਰ ਇਹ ਵਰਗ ਅੰਕ ਗ਼ਲਤ ਮੰਨਿਆ ਜਾਵੇਗਾ ਕਿਉਂਕਿ ਇਸ ਵਿਸ਼ੇ ਲਈ ਭੂਗੋਲ ਦੀ ਅਨੁਸੂਚੀ ਵਿਚ U1 ਵਰਗ ਅੰਕ ਦਿੱਤਾ ਗਿਆ ਹੈ। ਇਸੇ ਤਰ੍ਹਾਂ Psychology of Engineers ਲਈ S:(D) ਵਰਗ ਅੰਕ ਗਲਤ ਹੋਵੇਗਾ ਕਿਉਂਕਿ ਮਨੋਵਿਗਿਆਨ ਦੀ ਅਨੁਸੂਚੀ ਵਿਚ S4(D) ਵਰਗ ਅੰਕ ਦਾ ਪ੍ਰਾਵਧਾਨ ਹੈ। ਇਸੇ ਪ੍ਰਕਾਰ ਧਾਰਮਕ ਲਾਇਬਰੇਰੀਆਂ ਲਈ ਅਨੁਸੂਚੀ ਵਿਚ ਦਰਜ 24(Q) ਅੰਕ ਸਹੀ ਮੰਨਿਆ ਜਾਵੇਗਾ, ਨਾ ਕਿ ਆਪਣੇ ਵਲੋਂ ਬਣਾਇਆ 2(Q)। ਮੁੱਕਦੀ ਗੱਲ ਇਹ ਹੈ ਕਿ ਅਨੁਸੂਚੀ ਵਿਚ ਦਰਜ ਵਰਗ ਅੰਕ ਹੀ ਸਹੀ ਮੰਨਿਆ ਜਾਵੇਗਾ।

**(3) ਭੂਗੋਲਿਕ ਜੁਗਤ (GD) (Geographical device)**

ਜਦੋਂ ਕਿਸੇ ਭੂਗੋਲਿਕ ਪਹਿਲੂ ਦੀ ਵਰਤੋਂ ਵਿਅਕਤਿੱਤਵ ਪਹਿਲੂ ਵਜੋਂ ਕੀਤੀ ਜਾਵੇ ਤਾਂ ਇਸਨੂੰ ਭੂਗੋਲਿਕ ਜੁਗਤ ਆਖਿਆ ਜਾਂਦਾ ਹੈ। ਭੂਗੋਲਿਕ ਜੁਗਤ ਕਿਸੇ ਵਿਅਕਤਿੱਤਵ ਪਹਿਲੂ ਨੂੰ ਬਿਲਕੁਲ ਨਵੇਂ ਸਿਰੇ ਤੋਂ ਬਣਾਉਣ ਲਈ ਜਾਂ ਉਸਨੂੰ ਜ਼ਿਆਦਾ ਸਪਸ਼ਟ ਕਰਨ ਵਾਸਤੇ ਵੀ ਵਰਤੀ ਜਾ ਸਕਦੀ ਹੈ।

V ਇਤਿਹਾਸ, Z ਕਾਨੂੰਨ, ਪ੍ਰਮਾਣਿਤ ਉਪਵਰਗਾਂ NA ਤੋਂ NR, ਅਤੇ z ਨਿਰਵਿਸ਼ੇਸ਼ ਮੁੱਖ ਵਰਗ ਵਿਚ ਵਿਅਕਤਿੱਤਵ ਸ਼੍ਰੇਣੀ ਭੂਗੋਲਿਕ ਜੁਗਤ ਨਾਲ ਬਣਾਈ ਜਾਂਦੀ ਹੈ।

ਉਦਾਹਰਣ ਵਜੋਂ :

| | |
|---|---|
| V44 | Indian History |
| Z44 | Indian Law |
| z44 | Indology |

ਉਪਰੋਕਤ ਉਦਾਹਰਣਾਂ ਵਿਚ "44" ਸੀ ਸੀ ਦੇ ਅਧਿਆਇ 4 ਦੇ ਥਾਂ ਪਹਿਲੂਆਂ ਵਿਚੋਂ (GD) ਨਾਲ ਲਿਆ ਗਿਆ ਹੈ।

| | |
|---|---|
| NR44 | Indian Music |
| NQ56 | English Paintings |
| NA5 | European Architecture |

ਇਥੇ ਵੀ ਵਿਅਕਤਿੱਤਵ ਇਕੱਲ ਭੂਗੋਲਿਕ ਜੁਗਤ (GD) ਨਾਲ ਬਣਾਏ ਗਏ ਹਨ। Q ਧਰਮ ਵਿਚ ਵੀ ਕੁਝ ਵਿਅਕਤਿੱਤਵ ਇਕੱਲ (GD) ਨਾਲ ਸਪਸ਼ਟ ਕੀਤੇ ਗਏ ਹਨ। ਜਿਵੇਂ ਕਿ :

Q8 ਦੂਜੇ ਧਰਮ [ਵੰਡ(GD) ਦੁਆਰਾ ਅਤੇ (FD) ਦੁਆਰਾ]

Q8441 ਸਿੱਖ ਧਰਮ

ਉਪਰੋਕਤ ਵਰਗ ਅੰਕ ਵਿਚ '44' ਭਾਰਤ ਲਈ (GD) ਦੁਆਰਾ ਲਿਆ ਗਿਆ ਹੈ ਅਤੇ 'I' ਪਦ (FD) ਨਾਲ ਤਿਆਰ ਕੀਤਾ ਗਿਆ ਹੈ।

R ਦਰਸ਼ਨ ਸ਼ਾਸਤਰ ਵਿਚ R8 ਦਰਸ਼ਨ ਸ਼ਾਸਤਰ ਦੀਆਂ ਦੂਜੀਆਂ ਪ੍ਰਣਾਲੀਆਂ (GD) ਨਾਲ ਬਣਦੀਆਂ ਹਨ। ਉਦਾਹਰਣ ਵਜੋਂ :

Greek Philosophy

R851

Chinese Philosophy

R841

ਇਥੇ '51' ਅਤੇ '41' (GD) ਨਾਲ ਲਗਾਏ ਗਏ ਹਨ।

Y ਸਮਾਨ ਵਿਗਿਆਨ ਵਿਚ Y74-79 Territorial ਉਪਵੰਡਾਂ (GD) ਨਾਲ ਬਣਦੀਆਂ ਹਨ। ਜਿਵੇਂ ਕਿ :

Indian Society

Y744

ਇਸ ਉਦਾਹਰਣ ਵਿਚ Y7 ਨੂੰ (GD) ਦੀ ਵਰਤੋਂ ਕਰਕੇ '44' ਇਕੱਲ ਨਾਲ ਵਧਾਇਆ ਗਿਆ ਹੈ। ਇਸੇ ਤਰ੍ਹਾਂ, Sociology of Americans will be Y773

P ਭਾਸ਼ਾ ਵਿਗਿਆਨ ਵਿਚ [$P_2$] ਨੂੰ (GD) ਨਾਲ ਸਪਸ਼ਟ ਕੀਤਾ ਜਾਂਦਾ ਹੈ।

ਉਦਾਹਰਣ :

Chhatisgarhi Dialect of Hindi

P153, 9D447185

Pakistani Dialect of Punjabi

P153, 9D44Q7

ਇਥੇ [$P_2$] ਵਿਚ 9D ਨੂੰ 4452 ਅਤੇ 44Q7 ਨਾਲ ਅੱਗੇ ਵਧਾਇਆ ਗਿਆ ਹੈ। (GD) ਅਤੇ (CD) ਨੂੰ ਵਿਅਕਤਿੱਤਵ ਪਹਿਲੂ ਬਣਾਉਣ ਲਈ ਅੱਗੜ ਪਿੱਛੜ ਇਕੱਠੇ ਹੀ ਲਗਾਇਆ ਜਾ ਸਕਦਾ ਹੈ :

UNO History

V1N4

ਇਥੇ 'I' (GD) ਨਾਲ ਲਗਾਇਆ ਗਿਆ ਹੈ ਅਤੇ ਅੱਗੇ (CD) ਨਾਲ ਹੋਰ ਸਪਸ਼ਟ ਕੀਤਾ ਗਿਆ ਹੈ। ਇਸੇ ਤਰ੍ਹਾਂ,

V1N48 History of British Commonwealth

ਸਾਂਝੇ ਇਕੱਲਾਂ k cyclopaedia, m periodical, n serial, p conference proceedings, v history ਅਤੇ w biography [$P_1$] (GD) ਨਾਲ ਬਣਦੀ ਹੈ (ਵੇਖੋ ਨਿਯਮ ਸੀ ਸੀ ਪੰਨਾ 1.45)

Encyclopaedia Britannica

k56, L

Collected Biographies of Indian Scientists (youngest born in 1935)

Aw44, N3

(5th) International Study Conference on Classification

(Canada, 1991)

2 : 51pl, N91

ਇਥੇ p ਇਕੱਲ ਨਾਲ 1 (GD) ਦੁਆਰਾ ਚੈਪਟਰ 4 ਤੋਂ ਲਿਆ ਗਿਆ ਹੈ।

Indian Journal of Sociology

Ym44, N

ਇਥੇ m ਲਈ [$P_1$] (GD) ਦੁਆਰਾ ਅਤੇ [$P_2$] N (CD) ਦੁਆਰਾ ਪ੍ਰਾਪਤ ਕੀਤੀ ਗਈ ਹੈ।

ਅਨੁਸੂਚੀਆਂ ਵਿਚ ਜਿਥੇ ਕਿਤੇ (GD) ਦੀ ਲੋੜ ਹੋਵੇ ਲਿਖ ਦਿੱਤਾ ਗਿਆ ਹੈ। ਅਜਿਹਾ ਕੋਈ ਉਦਾਹਰਣ ਨਹੀਂ ਮਿਲਦਾ ਜਿਥੇ (GD) ਆਪਣੀ ਮਰਜ਼ੀ ਨਾਲ ਵਰਤੀ ਗਈ ਹੋਵੇ।

**(4) ਅੱਖਰਵਾਰ ਜੁਗਤ (AD) (Alphabetical device)**

ਜਦੋਂ ਕਿਸੇ ਇਕੱਲ ਨੂੰ ਨਵਾਂ ਅੰਕ ਦੇਣ ਦੀ ਹੋਰ ਕੋਈ ਵੀ ਜੁਗਤ ਸਫਲ ਨਾ ਹੋਵੇ ਤਾਂ ਇਸ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਅਸਤਿੱਤਵ ਨੂੰ ਉਸਦੇ ਨਾਵਾਂ ਅਨੁਸਾਰ ਅੱਖਰਵਾਰ ਤਰਤੀਬਣ ਦਾ ਢੰਗ ਪੁਰਾਣਾ ਅਤੇ ਹਰਮਨਪਿਆਰਾ ਹੈ, ਪਰ ਵਿਸ਼ਾ ਵਰਗੀਕਰਣ ਲਈ ਉਪਯੁਕਤ ਨਹੀਂ।

ਕੋਲਨ ਵਰਗੀਕਰਣ ਵਿਚ ਬਾਜ਼ਾਰੀ ਨਾਵਾਂ ਨੂੰ ਦਰਸਾਉਣ ਲਈ ਇਸ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ। ਵਸਤੂ ਦੇ ਨਾਂ ਦੇ ਪਹਿਲੇ ਇਕ ਜਾਂ ਦੋ ਅੱਖਰ ਉਸ ਵਰਗ ਨਾਲ ਲਗਾਏ ਜਾਂਦੇ ਹਨ :

| | |
|---|---|
| D5125A | Atlas Bicycle |
| D5125A V | Avon Bicycle |
| D5125H | Hero Bicycle |
| D5135R | Rajdoot Motor Cycle |
| J381B | Basmati Rice |
| J381P | Parmal Rice |

ਇਕੱਲੇ ਅੰਕ ਨੂੰ ਅਲਹਿਦਾ ਕਰਨ ਲਈ (AD) ਦੀ ਵਰਤੋਂ ਕਰਨ ਸਮੇਂ ਘੱਟ ਤੋਂ ਘੱਟ ਰੋਮਨ ਅੱਖਰਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਸਥਾਨਕ ਸੰਸਥਾਵਾਂ ਦੇ ਪਿਛੇਤਰੇ ਵਿਅਕਤਿੱਤਵ ਸਾਂਝੇ ਇਕੱਲਾਂ ਦੀ [$P_1$] (AD) ਜੁਗਤ ਨਾਲ ਲਗਦੀ ਹੈ।

Guru Nanak Dev University

T4.4443, d, G

(Here G stands for Guru Nanak Dev University)

Holy Heart Elementary Kindergarten School Amritsar

TL8, 15.4443, A, d, H

O ਸਾਹਿਤ ਦੀ [$P_4$] ਵੀ (AD) ਨਾਲ ਬਣ ਸਕਦੀ ਹੈ। ਇਹ ਅਖਤਿਆਰੀ ਛੂਟ ਹੈ, ਪਰ ਕਾਫੀ ਪ੍ਰਵਾਨਤ ਮੰਨੀ ਗਈ ਹੈ।

Shakespeare's Hamlet

0111, 2J64, H

Shakespeare's As You Like It

0111, 2J64, A

G.B.Shaw's Arms and the Man

0111, 2M56, A

N ਕੋਮਲ ਕਲਾਵਾਂ ਵਿਚ ਇਕੋ ਸਕੂਲ ਦੇ ਕਲਾਕਾਰਾਂ ਦੇ ਕੰਮਾਂ ਨੂੰ ਅੱਡ ਕਰਨ ਲਈ (AD) ਵਰਤੀ ਜਾ ਸਕਦੀ ਹੈ। ਅੱਗੇ ਚਲ ਕੇ ਇਕੋ ਕਲਾਕਾਰ ਦੇ ਕੰਮਾਂ ਨੂੰ ਵੀ (AD) ਨਾਲ ਪਛਾਣਿਆ ਜਾ ਸਕਦਾ ਹੈ।

Collected Paintings of Picaso

NQ52, NxP

P stands for Picaso. N is by (CD)

Again Picaso's Guernica

NQ52, NxP, G

ਰੰਗਾਨਾਥਨ ਦਾ ਮਤ ਹੈ ਕਿ ਅੱਖਰਵਾਰ ਜੁਗਤ ਦੀ ਵਰਤੋਂ ਬਹੁਤ ਘੱਟ ਕੀਤੀ ਜਾਣੀ ਚਾਹੀਦੀ ਹੈ।

**(5) ਯਾਦ ਸਹਾਇਕ ਜੁਗਤ (MD) (Mnemonic device)**

ਇਸ ਤੋਂ ਭਾਵ ਹੈ ਕਿ ਜਦੋਂ ਉਹੀ ਸੰਕਲਪ ਅਨੁਸੂਚੀਆਂ ਦੇ ਵੱਖ-ਵੱਖ ਭਾਗਾਂ ਵਿਚ ਬਾਰ ਬਾਰ ਆਉਂਦਾ ਹੋਵੇ ਤਾਂ ਉਸ ਲਈ ਉਹੀ ਪਦ ਵਰਤਿਆ ਜਾਵੇ :

Animal Physiology

K : 3

Plant Physiology

1 : 3

Human Physiology

L : 3

Human Diseases

L : 4

Social ills

Y : 4

ਆਮ ਤੌਰ ਤੇ ਇਸ ਜੁਗਤ ਦੀ ਵਰਤੋਂ ਕਰਨੀ ਬੜੀ ਔਖੀ ਹੈ, ਕਿਉਂਕਿ ਇਸਨੂੰ ਵਰਤਣ ਲਈ ਵਰਗਕਾਰ ਦੀ ਡੂੰਘੀ ਸੋਚ ਦੀ ਲੋੜ ਹੁੰਦੀ ਹੈ, ਜੋ ਕਿ ਅੰਤਰਯਾਮੀ ਦੇ ਪੱਧਰ ਦੀ ਹੋਵੇ। ਆਮ ਤੌਰ ਤੇ ਵਰਗਾਚਾਰੀਆ ਹੀ ਇਸਦੀ ਵਰਤੋਂ ਕਰ ਸਕਦਾ ਹੈ।

**(6) ਕਲਾਸਕੀ ਜੁਗਤ (Classic Device) (CLD)**

ਬਹੁਤ ਪੁਰਾਣੀਆਂ ਪੁਸਤਕਾਂ ਜਿਨ੍ਹਾਂ ਬਾਰੇ ਹੋਰ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ ਹੋਣ ਅਤੇ ਬਹੁਤ ਸਾਰੇ ਟੀਕੇ ਛਪੇ ਹੋਣ; ਉਨ੍ਹਾਂ ਨੂੰ ਕਲਾਸਿਕ ਆਖਦੇ ਹਨ। ਸੀ.ਸੀ. ਵਿਚ ਅਜਿਹੀਆਂ ਪੁਸਤਕਾਂ ਨੂੰ ਵੱਖਰੇ ਅੰਕ ਦਿੱਤੇ ਗਏ ਹਨ। ਇਹ ਕੰਮ ਕਲਾਸਕੀ ਜੁਗਤ ਨਾਲ ਕੀਤਾ ਜਾਂਦਾ ਹੈ।

ਕੋਲਨ ਵਰਗੀਕਰਣ ਵਿਚ ਕਲਾਸਕੀ ਪੁਸਤਕ ਦੇ ਅੰਤਿਮ ਵਰਗ ਅੰਕ ਤੋਂ ਬਾਅਦ ਰੋਮਨ ਵਰਣਮਾਲਾ ਦਾ ਛੋਟਾ ਅੱਖਰ 'x' ਲਗਾਇਆ ਜਾਂਦਾ ਹੈ। 'x' ਨੂੰ [$P_1$] ਅਤੇ [$P_2$] ਨਾਲ ਲਗਾ ਕੇ ਅੱਗੇ ਵਧਾਇਆ ਜਾਂਦਾ ਹੈ, ਅਤੇ ਇਹ ਇਕੱਲ O ਸਾਹਿਤ ਮੁਖ ਵਿਸ਼ੇ ਵਾਂਗ (CD) ਨਾਲ ਪ੍ਰਾਪਤ ਕੀਤੇ ਜਾਂਦੇ ਹਨ। [$P_1$] ਨੂੰ ਮੁੱਖ ਵਰਗ O ਸਾਹਿਤ ਦੇ ਕਿਰਤ ਪਹਿਲੂ [$P_4$] ਵਾਂਗ ਤਿਆਰ ਕੀਤਾ ਜਾ ਸਕਦਾ ਹੈ। ਇਸਨੂੰ ਗਰੁੱਪ ਸੰਕੇਤਨ ਜਾਂ ਅੱਖਰਵਾਰ ਜੁਗਤ ਨਾਲ ਵੀ ਤਿਆਰ ਕੀਤਾ ਜਾ ਸਕਦਾ ਹੈ। ਟੀਕੇ ਅਤੇ ਟੀਕੇ ਦੇ ਟੀਕੇ ਵੀ ਵਿਅਕਤਿੱਤਵ ਪਹਿਲੂ ਵਾਂਗ ਹੀ ਮੰਨੇ ਜਾਂਦੇ ਹਨ।

ਉਪਰੋਕਤ ਦੀ ਲੋਅ ਵਿਚ ਫਾਰਮੂਲਾ ਹੇਠ ਅਨੁਸਾਰ ਬਣ ਜਾਂਦਾ ਹੈ :

[ਵਰਗ ਅੰਕ] x [ਲੇਖਕ], [ਕਿਰਤ], [ਟੀਕਾ], [ਉਪ ਟੀਕਾ]

ਉਦਾਹਰਣਾਂ :

Caraka Sainhita

LBx1, 1.

ਇਸ ਤੋਂ ਭਾਵ ਹੈ ਕਿ ਉਪਰੋਕਤ ਕਿਰਤ ਆਯੁਰਵੇਦ ਦੇ ਪਹਿਲੇ ਲੇਖਕ ਦੀ ਪਹਿਲੀ ਕਿਰਤ ਹੈ।

Sasruta Samhita

LB : 4 : 7x2, 1

ਇਹ ਆਯੁਰਵੈਦਿਕ ਚੀਰ ਫਾੜ (LB:4:7) ਦੀ ਪੁਸਤਕ ਹੈ ਅਤੇ ਇਸਦਾ ਲੇਖਕ ਪੁਸਤਕ ਦਾ ਦੂਜਾ ਲੇਖਕ ਹੈ।

### (7) ਪੱਖਦਾਰੀ (Favoured) ਸ਼੍ਰੇਣੀ ਜੁਗਤ

ਇਹ ਜੁਗਤ ਆਸ ਕਰਦੀ ਹੈ ਕਿ ਉਹ ਸਾਰੇ ਅਸਤਿੱਤਵ ਜਿਨ੍ਹਾਂ ਦੇ ਇਕੋ ਜਿਹੇ ਕਰਤੱਵ ਹੋਣ ਉਨ੍ਹਾਂ ਨੂੰ ਉਨ੍ਹਾਂ ਦੀ ਹਰਮਨਪਿਆਰਤਾ, ਲਾਭ ਜਾਂ ਸਾਹਿਤਕ ਪ੍ਰਮਾਣ (literary warrant) ਅਨੁਸਾਰ ਵੱਖਰਾਉਣਾ ਚਾਹੀਦਾ ਹੈ। ਅਜਿਹੀਆਂ ਅਸਤਿੱਤਵਾਂ ਨੂੰ ਉਨ੍ਹਾਂ ਦੀ ਹਰਮਨਪਿਆਰਤਾ ਅਨੁਸਾਰ ਤਰਤੀਬਤ ਕਰ ਲੈਣਾ ਚਾਹੀਦਾ ਹੈ। ਸਭ ਤੋਂ ਵੱਧ ਹਰਮਨਪਿਆਰੀ ਅਸਤਿੱਤਵ ਨੂੰ 1 ਅੰਕ, ਉਸਤੋਂ ਘੱਟ ਲਈ 2, ਅਤੇ ਉਸਤੋਂ ਘੱਟ ਲਈ 3 ਅੰਕ ... ਅਤੇ ਹੋਰ ਅੱਗੇ, ਦੇਣਾ ਚਾਹੀਦਾ ਹੈ। ਇਹ ਜੁਗਤ J ਖੇਤੀਬਾੜੀ ਦੀ ਅਨੁਸੂਚੀ ਵਿਚ ਵਰਤੀ ਗਈ ਹੈ।

ਉਦਾਹਰਣ ਵਜੋਂ ਬੀਜ ਵਾਲੇ ਭੋਜਨਾਂ (See Foods) ਲਈ ਵਰਗ ਅੰਕ J38 ਹੈ। ਇਸਤੋਂ ਬਾਅਦ Seed Foods ਨੂੰ ਉਨ੍ਹਾਂ ਦੀ ਸੰਸਾਰ ਵਿਚ ਵਰਤੋਂ ਅਤੇ ਉਪਯੋਗਤਾ ਦੇ ਕ੍ਰਮ ਅਨੁਸਾਰ ਚਾਵਲ, ਗੰਦਮ ਆਦਿ ਦੇ ਆਰਡਰ ਵਿਚ ਤਰਤੀਬਿਆ ਗਿਆ ਹੈ।

ਉਦਾਹਰਣ :

| | |
|---|---|
| J38 | Seed Foods |
| J381 | Rice |
| J382 | Wheat |
| J383 | Oats |
| J384 | Rye |

ਇਸਤੋਂ ਇਲਾਵਾ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਲਾਸਕੀ ਲੇਖਕ ਦਾ ਇਕੱਲ ਅੰਕ ਤਿਆਰ ਕਰਨ ਲਈ ਵੀ ਪੱਖਦਾਰੀ ਸ਼੍ਰੇਣੀ ਜੁਗਤ ਵਰਤੀ ਗਈ ਹੈ। ਇਹ Q8 ਦੂਜੇ ਧਰਮਾਂ ਦੇ ਇਕੱਲ ਬਣਾਉਣ ਲਈ ਵੀ ਵਰਤੀ ਗਈ ਹੈ। ਦਰਅਸਲ ਇਹ ਜੁਗਤ ਵਰਗਕਾਰ ਦੀ ਬਜਾਏ ਵਰਗਾਚਾਰੀਆ ਦੀ ਵਿਵੇਕਪੂਰਣ ਵਰਤੋਂ ਲਈ ਵਧੇਰੇ ਲਾਭਦਾਇਕ ਹੈ।

### (8) ਅਧਿਆਰੋਪਣ ਜੁਗਤ (Superimposition device) (SID)

ਜਦੋਂ ਕੋਈ ਇਕੱਲ ਵਿਚਾਰ ਇਕ ਹੀ ਸ਼੍ਰੇਣੀ ਦੇ ਦੋ ਜਾਂ ਦੋ ਤੋਂ ਵੱਧ ਅਨੁਸੂਚਿਤ ਇਕੱਲਾਂ ਨੂੰ ਜਿਹੜੇ ਕਿ ਇਕ ਦੂਜੇ ਦੇ ਪੂਰਕ ਹੋਣ ਮਿਲਾ ਕੇ ਬਣਦਾ ਹੈ ਉਸਨੂੰ ਅਧਿਆਰੋਪਣ ਜੁਗਤ ਨਾਲ ਬਣਿਆ ਮੰਨਿਆ ਜਾਂਦਾ ਹੈ।

ਉਦਾਹਰਣ ਦੇ ਤੌਰ ਤੇ "ਪੇਂਡੂ ਤੀਵੀਂ ਸਮਾਜ" ਵਿਸ਼ੇ ਵਿਚ ਮੁੱਖ ਵਰਗ ਸਮਾਜ ਸ਼ਾਸਤਰ ਹੈ, ਅਤੇ ਇਸ ਵਿਚ "ਪੇਂਡੂ" ਅਤੇ 'ਤੀਵੀਂ' ਦੋ ਵੱਖਰੇ ਵੱਖਰੇ ਵਿਅਕਤਿੱਤਵ ਪਹਿਲੂ ਇਕੱਲ ਹਨ। ਅਜਿਹੀ ਸੂਰਤ ਵਿਚ ਇਨ੍ਹਾਂ ਇਕੱਲਾਂ ਨੂੰ "–" ਰਾਹੀਂ ਜੋੜ ਦਿੱਤਾ ਜਾਂਦਾ ਹੈ। ਜਿਹੜਾ ਇਕੱਲ ਪਹਿਲਾਂ ਆਉਂਦਾ ਹੈ ਉਸਨੂੰ ਪਹਿਲਾਂ ਰੱਖ ਲਿਆ ਜਾਂਦਾ ਹੈ, ਬਸ਼ਰਤੇ ਕਿ ਇਸਦਾ ਅਰਥ ਨਾ ਬਦਲਦਾ ਹੋਵੇ।

ਉਦਾਹਰਣ :

Rural Women Sociology

Y15 – 31

Urban Women Sociology

Y15 – 33

ਜਿਵੇਂ ਕਿ ਪਹਿਲਾਂ ਵੀ ਦੱਸਿਆ ਹੈ ਅਨੁਸੂਚੀ ਵਿਚ ਪਹਿਲਾਂ ਆਉਣ ਵਾਲੇ ਇਕੱਲ ਨੂੰ ਪਹਿਲਾਂ ਰੱਖਿਆ ਜਾਂਦਾ ਹੈ, ਅਤੇ ਬਾਅਦ ਵਾਲੇ ਨੂੰ ਬਾਅਦ ਵਿਚ, ਪਰ ਫੇਰ ਵੀ ਜੇਕਰ ਜ਼ਰੂਰੀ ਹੋ ਜਾਵੇ ਤਾਂ ਇਹ ਨਿਯਮ ਉਲਟਾਇਆ ਵੀ ਜਾ ਸਕਦਾ ਹੈ।

ਉਦਾਹਰਣ :

Female University Students

T4 – 55

ਭਾਵੇਂ ਸੀ ਸੀ ਦੇ ਛੇਵੇਂ ਸੰਸਕਰਣ ਵਿਚ ਅਧਿਆਰੋਪਣ ਜੁਗਤ ਰਾਹੀਂ ਦੋ ਤੋਂ ਵੱਧ ਇਕੱਲ ਜੋੜਨ ਦੀ ਕੋਈ ਉਦਾਹਰਣ ਨਹੀਂ ਮਿਲਦੀ, ਪਰ ਫੇਰ ਵੀ ਨਿਯਮ ਦੀ ਉਪਯੋਗਤਾ ਨੂੰ ਧਿਆਨ ਵਿਚ ਰੱਖ ਕੇ ਅਧਿਆਰੋਪਣ ਜੁਗਤ ਨਾਲ 2 ਤੋਂ ਵੱਧ ਇਕੱਲ ਵੀ ਜੋੜੇ ਜਾ ਸਕਦੇ ਹਨ।

ਉਦਾਹਰਣ :

Genius Female University Students
T4 – 55 – 61
Urban Working Class Youth
Y12 – 33 – 49
National Library of Medicine (USA)
213-4 (L). 73
National Science Library of India
213-4(A).44

ਸੀ ਸੀ ਵਿਚ ਅਧਿਆਰੋਪਣ ਜੁਗਤ ਦੀ ਵਿਸ਼ੇਸ਼ ਵਰਤੋਂ ਸਾਮਰਾਜਾਂ (Empires) ਲਈ ਥਾਂ ਇਕੱਲ ਤਿਆਰ ਕਰਨ ਲਈ ਮਿਲਦੀ ਹੈ :

British Empire
1-56
French Colonies in the World
1-53

Similarly

Italian Possessions in Africa
6-52
British India
44-56

(Please note that here 56-44 will be an absurd isolate number.)

ਭਾਵੇਂ ਅਧਿਆਰੋਪਣ ਜੁਗਤ (SID) ਇਕ ਬਹੁਤ ਸਤਿਕਾਰੀ ਜੁਗਤ ਹੈ। ਪਰ ਇਸਦੀ ਬਹੁਤ ਜ਼ਿਆਦਾ ਵਰਤੋਂ ਵਰਗਾਚਾਰੀਆ ਦੀ ਦੂਰਦਰਸ਼ਿਤਾ ਵਿਚ ਘਾਟ ਵੱਲ ਸੰਕੇਤ ਕਰਦੀ ਹੈ। ਇਸ ਜੁਗਤ ਦੀ ਸੀ ਸੀ ਦੇ ਸੱਤਵੇਂ ਸੰਸਕਰਣ ਵਿਚ ਬਹੁਤ ਵਰਤੋਂ ਕੀਤੀ ਗਈ ਹੈ।

**ਜ਼ਰੂਰੀ ਹਦਾਇਤ**

ਪ੍ਰਾਲੀਗਾਮੀਨ (ਸੈਕਸ਼ਨ RP) ਵਿਚ ਰੰਗਾਨਾਥਨ ਦੱਸਦੇ ਹਨ ਕਿ ਵਿਅਕਤਿੱਤਵ ਪਹਿਲੂ ਵਿਚ ਇਕੱਲੇ ਵਿਚਾਰਾਂ ਦਾ ਅਧਿਆਰੋਪਣ ਵਧੇਰੇ ਕਰਕੇ ਮਹਿਸੂਸ ਕੀਤਾ ਜਾਂਦਾ ਹੈ। ਇਸ ਲਈ ਇਸਦਾ ਵਿਅਕਤਿੱਤਵ ਦੇ ਦੂਜੇ ਗੇੜਾਂ ਅਤੇ ਪੱਧਰਾਂ ਵਿਚ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। 'ਪਦਾਰਥ', 'ਊਰਜਾ' ਅਤੇ 'ਕਾਲ' ਸ਼੍ਰੇਣੀਆਂ ਵਿਚ ਅਧਿਆਰੋਪਣ ਜੁਗਤ (SID) ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਫੇਰ ਵੀ ਹੇਠ ਲਿਖਿਆ ਵਰਗ ਅੰਕ ਪ੍ਰਵਾਨਤ ਹੈ :

Eye Tissues of Children
L9C, 12-155

ਪਰ ਹੇਠ ਲਿਖੇ ਵਰਗ ਅੰਕ ਨਹੀਂ ਵਰਤੇ ਜਾਣੇ ਚਾਹੀਦੇ :

(A) Poetic Drama of T.S.Eliot
0111, 1-2M88

(B) Distribution Management in Coal Industry
X8 (F551) : 3-8 (ਊਰਜਾ ਵਿਚ (SID) ਨਹੀਂ ਲਗਦੀ। ਜ਼ਰੂਰੀ ਹਦਾਇਤ ਨੂੰ ਧਿਆਨ ਨਾਲ ਪੜ੍ਹਨ ਤੇ ਤੁਸੀਂ ਵੇਖੋਗੇ ਕਿ (A) ਅਤੇ (B) ਦੋਵੇਂ ਵਰਗ ਅੰਕ ਠੀਕ ਨਹੀਂ ਹਨ।

---

**ਪਾਠ ਨੰ. 1.5**

**ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

---

## ਲਾਇਬਰੇਰੀ ਵਿਗਿਆਨ, ਗਣਿਤ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਇੰਜੀਨੀਅਰਿੰਗ

### ਉੱਦੇਸ਼

ਇਸ ਪਾਠ ਵਿਚ ਲਾਇਬਰੇਰੀ ਵਿਗਿਆਨ, ਗਣਿਤ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਇੰਜੀਨੀਅਰਿੰਗ ਪੰਜ ਵਰਗਾਂ ਲਈ ਵਰਗ-ਅੰਕ ਬਣਾਉਣ ਦੀਆਂ ਵਿਧੀਆਂ ਅਤੇ ਪ੍ਰੈਕਟੀਕਲ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਦਾ ਯਤਨ ਕੀਤਾ ਜਾਵੇਗਾ।

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਇਸ ਪਾਠ ਵਿਚ ਵਿਚਾਰੇ ਗਏ ਮੁੱਖ ਵਿਸ਼ਿਆਂ ਨਾਲ ਸੰਬੰਧਤ ਸੰਯੁਕਤ ਅਤੇ ਜਟਿਲ ਵਰਗ ਅੰਕ ਬਣਾਉਣ ਬਾਰੇ ਜਾਣ ਸਕੋਗੇ ;
* ਪ੍ਰਲੇਖਾਂ ਦੀ ਵਰਗੀਕਰਣ ਪ੍ਰਕ੍ਰਿਆ ਅਤੇ ਪਹਿਲੂ ਫਾਰਮੂਲੇ ਤੋਂ ਵਾਕਿਫ ਹੋ ਜਾਵੋਗੇ ;
* ਦਿੱਤੇ ਸਿਰਲੇਖਾਂ ਦੇ ਵਰਗ ਅੰਕ ਬਣਾਉਣ ਲਗ ਪਵੋਗੇ ; ਅਤੇ
* ਆਪਣੇ ਦੁਆਰਾ ਤਿਆਰ ਕੀਤੇ ਵਰਗ ਅੰਕਾਂ ਨੂੰ ਦਿੱਤੇ ਵਰਗ ਅੰਕਾਂ ਨਾਲ ਮਿਲਾ ਕੇ ਗ਼ਲਤ ਜਾਂ ਠੀਕ ਦੀ ਪਛਾਣ ਕਰ ਸਕੋਗੇ।

### 2 ਲਾਇਬਰੇਰੀ ਵਿਗਿਆਨ (LIBRARY SCIENCE)

**ਪਹਿਲੂ ਫਾਰਮੂਲਾ : 2[P] ; [M] : [E] [2P]**

ਕੋਲਨ ਵਰਗੀਕਰਣ (ਸੀ ਸੀ) ਦੇ ਪੰਨਾ ਨੰ. 2.30 ਤੇ ਉਪਰੋਕਤ ਪਹਿਲੂ ਫਾਰਮੂਲਾ ਅਤੇ ਅਨੁਸੂਚੀ ਦਿੱਤੀ ਗਈ ਹੈ। ਇਸ ਅਨੁਸੂਚੀ ਵਿਚ [P] ਪਹਿਲੂ ਵਿਚ ਲਾਇਬਰੇਰੀਆਂ ਦੀਆਂ ਕਿਸਮਾਂ ਦਿੱਤੀਆਂ ਗਈਆਂ ਹਨ। ਸਾਰੇ ਪਹਿਲੂ ਗਿਣਤੀ ਕੀਤੇ ਗਏ ਹਨ ਅਤੇ 4 ਨੂੰ ਵਿਸ਼ਾ ਜੁਗਤ (SD) ਨਾਲ ਹੋਰ ਵਧਾਉਣ ਬਾਰੇ ਦੱਸਿਆ ਗਿਆ ਹੈ। [M] ਪਦਾਰਥ ਸ਼੍ਰੇਣੀ ਵਿਚ ਪ੍ਰਲੇਖਾਂ ਦੀਆਂ ਕਿਸਮਾਂ ਬਿਆਨ ਕੀਤੀਆਂ ਗਈਆਂ ਹਨ। ਇਹ ਇਕੱਲ "a Generalia Bibliography" ਦੀ [P] ਵਿਚੋਂ ਲੈਣ ਬਾਰੇ ਲਿਖਿਆ ਮਿਲਦਾ ਹੈ।

[E] cum [2P] ਵਿਚ ਲਾਇਬਰੇਰੀ ਤਕਨੀਕਾਂ, ਕਾਰਵਾਈਆਂ ਅਤੇ ਪ੍ਰਕ੍ਰਿਆਵਾਂ ਦੀ ਗਿਣਤੀ ਕੀਤੀ ਗਈ ਹੈ।

ਇਥੇ ਵਰਗ ਅੰਕ 2:51 ਜਾਂ ਇਸਦੇ ਵਾਧੇ ਬਾਰੇ ਵਿਚਾਰ ਕਰਦੇ ਹਾਂ। [2P] ਵਿਚ ਵਰਗੀਕਰਣ ਕਰਨ ਯੋਗ ਵਿਸ਼ਾ ਦਿੱਤਾ ਜਾਂਦਾ ਹੈ ਜਿਸਨੂੰ ਵਿਸ਼ਾ ਜੁਗਤ (SD) ਨਾਲ ਪ੍ਰਾਪਤ ਕੀਤਾ ਜਾਂਦਾ ਹੈ, ਜਿਸਨੂੰ ਲਾਉਣ ਤੋਂ ਪਹਿਲਾਂ '9' ਪਦ ਅੰਕ ਲਿਖਿਆ ਜਾਂਦਾ ਹੈ। ਇਸਨੂੰ ਵਧੇਰੇ ਸਮਝਣ ਲਈ ਵਿਦਿਆਰਥੀ ਸੀ ਸੀ (ਪੰਨਾ 1.64 ਅਤੇ ਅਨੁਲੱਗ ਪੰਨਾ 23) ਦਾ ਅਧਿਐਨ ਕਰ ਸਕਦੇ ਹਨ। ਭਾਵੇਂ ਅਕਸਰ [E] ਅਤੇ [2P] ਦਰਮਿਆਨ ਕੋਈ (,) ਚਿੰਨ੍ਹ ਨਹੀਂ ਲਗਦਾ, ਪਰ ਇਥੇ (,) ਚਿੰਨ੍ਹ ਲਾਉਣਾ ਜ਼ਰੂਰੀ ਹੈ। [E] 51 ਵਿਚ ਪਦਾਂ ਦੀ ਗਿਣਤੀ ਵਧ ਸਕਦੀ ਹੈ ਕਿਉਂਕਿ ਇਥੇ 51 ਨੂੰ ਕਾਲ ਜੁਗਤ (CD) ਨਾਲ ਵਧਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਵਿਸ਼ੇਸ਼ ਵਰਗੀਕਰਣ ਅਨੁਸੂਚੀਆਂ ਲਈ 2:51 ਨੂੰ ਕਾਲ ਜੁਗਤ (CD) ਨਾਲ ਅੱਡ ਅੱਡ ਨੰਬਰ ਦਿੱਤੇ ਜਾ ਸਕਦੇ ਹਨ।

ਲਾਇਬਰੇਰੀ ਵਿਗਿਆਨ ਅਨੁਸੂਚੀ ਤੇ ਆਧਾਰਤ ਕੁਝ ਹੱਲ ਕੀਤੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਆਪ ਵਰਗ ਅੰਕ ਲਗਾਉਣ ਅਤੇ ਫੇਰ ਉਨ੍ਹਾਂ ਨੂੰ ਦਿੱਤੇ ਵਰਗ ਅੰਕ ਨਾਲ ਮਿਲਾ ਕੇ ਚੈਕ ਕਰਨ।

Public Libraries in Punjab
22.4443

Classification of Science Books

2 : 51, 9 (A)

Comparative Study of DC and CC

2:51 MovN3

(ਇਥੇ ਅੰਤਰ-ਪੰਗਤੀ ਤੁਲਨਾਤਮਕ ਸੰਬੰਧ 'ov' ਲਗਾਇਆ ਗਿਆ ਹੈ।)

Difference in the treatment of Mathematics in UDC and LC classification schemes :

2 : 51M960wN, 9(B)

(ਇਸ ਵਿਚ ਅੰਤਰ-ਪੰਗਤੀ ਭੇਦ ਸੰਬੰਧ 'ow' ਦੀ ਵਰਤੋਂ ਕੀਤੀ ਗਈ ਹੈ)

Classification of Microfilms in Economics in the University Libraries of UK in 1980's

234 ; 1512 : 51, 9(X). 56 'N8

Colon Classification of Microfilms in Economics in the University Libraries of UK in 1980's

234 ; 1512 : 51N3, 9(X).56 'N8

National Library of Medicine (USA)

213-4 (L). 73

Selection of Microfilms in the National Science Library of India

213-4(A); 1512 : 1.44

ਇਹ ਸਪਸ਼ਟ ਤੌਰ ਤੇ ਨਹੀਂ ਦੱਸਿਆ ਗਿਆ ਕਿ ਜਿਵੇਂ [E]51 ਦੇ ਕੇਸ ਵਿਚ [2P] (SD) ਨਾਲ ਲਗਾਈ ਜਾ ਸਕਦੀ ਹੈ, ਉਵੇਂ ਹੀ ਦੂਜੇ ਊਰਜਾ ਇਕੱਲਾਂ ਲਈ ਵੀ ਲਗਾਈ ਜਾ ਸਕਦੀ ਹੈ। ਪਰ ਅਜਿਹਾ ਵੀ ਕੁਝ ਨਹੀਂ ਜਾਪਦਾ ਜਿਸ ਕਰਕੇ ਇਹ ਨਿਯਮ 1,5,55,6,7,81 ਅਤੇ 97 ਇਕੱਲਾਂ ਲਈ ਨਾ ਵਰਤਿਆ ਜਾ ਸਕੇ। ਇਸੀ ਤਰ੍ਹਾਂ ਕੈਟਾਲਾਗ ਕੋਡਾਂ ਨੂੰ ਵੀ ਕਾਲ-ਜੁਗਤ (CD) ਦੀ ਵਰਤੋਂ ਕਰਕੇ 2:51 ਵਾਂਗ ਹੀ ਅੱਡ ਅੱਡ ਵਰਗ ਅੰਕ ਦਿੱਤੇ ਜਾ ਸਕਦੇ ਹਨ।

Charles C Jewett's Cataloguing Code (1852)

2: 55M5

Cutter's Rule for a Printed Dictionary Catalogue (1876)

2: 55M7

Ranganathan's Classified Catalogue Code (1934)

2: 55N3

Cataloguing of Literary Manuscripts in Research Libraries

236; 12: 55, 9(O)

Selection of Science books in University Libraries

234: 1(A)

Current Awareness Service in Government Department Libraries

248: 97

Difference of giving reference service in District Public Libraries and College Libraries

2210n33: 7

Documentation in Chemistry in Science Libraries

24(A): 97(E)

Encyclopaedia of Library and Information Science (Marcel-Dekker)

2k73, N7

International Study Conference on Classification

Elsinore (1965)
2 : 51pl, N65
A Librarian looks back, Autobiography of Dr. S.R.Ranganathan
2wM92, 1
Collected Works of B.I. Palmer (1910-1979)
2xN10
Report of Advisory Committee for Libraries (Chairman, K.P.Sinha)
2.44'N57t
Documentation Research and Training Centre (Bangalore : 1962)
2.44, f, 9N62
Indian Association of Special Libraries and Information Centres, 1955
24.44, g, 9N
Powers of the President of Indian Association of Academic Librarians
23.44, g, 9N, 1: 3
C'Wealth Library Association
2. IN48, g, 9N72
History of Library Legislation in India brought upto 1970's
2: (Z)v44 'N7
Philosophy of Librarianship
2: (R)
Application of Computers in Book Selection
2: 81: (D6, 8(B))
Herald of Library Science
2m44, N62
Library Association Record
2m56, M
Library Journal
2m73, M
Inter-lending Review (BL 1972) (A Journal about Inter-Library Cooperation)
2: 4m56, N
(Supposing that it is the first British Journal on the subject).
Library and Information Science Abstracts, (London, 1961+)
2am56, N6
International Federation of Library Associations and Institutions (IFLA, 1927)
2.1, d, g, 9N2
International Society for Knowledge Organization (ISKO, 1989, Frankfurt)
2: 51. 1, g, 9N8
Library Association of SAARC (LASAARC, 1992)

2.4N8, g, 9N

**B. ਗਣਿਤ (MATHEMETICS)**

ਕੋਲਨ ਵਰਗੀਕਰਣ ਵਿਚ B ਗਣਿਤ ਦੀ ਅਨੁਸੂਚੀ ਵਿਆਪਕ ਰੂਪ ਵਿਚ ਤਿਆਰ ਕੀਤੀ ਗਈ ਹੈ। ਇਸ ਅਨੁਸੂਚੀ ਵਿਚ ਸਟੈਟਿਸਟਿਕਸ, ਫੀਜ਼ੀਉ-ਮੈਥੀਮੈਟਿਕਸ, ਅਤੇ ਖਗੋਲ ਵਿਗਿਆਨ ਨੂੰ ਗਣਿਤ ਦੇ ਅੰਗ ਮੰਨਿਆ ਗਿਆ ਹੈ। "B33 Differential and Integral equations" ਦੇ ਪਹਿਲੂ ਫਾਰਮੂਲੇ ਵਿਚ ਵਿਅਕਤਿੱਤਵ ਸ਼੍ਰੇਣੀ ਦੇ ਤਿੰਨ ਪੱਧਰ ਬਣਾਏ ਗਏ ਹਨ। ਥਿਊਰਮਾਂ ਦੇ ਇਕੱਲ ਅੰਕ ਬਣਾਉਣ ਲਈ ਕਾਲ-ਕ੍ਰਮ ਜੁਗਤ (CD) ਦੀ ਵਧੇਰੇ ਵਰਤੋਂ ਕੀਤੀ ਗਈ ਹੈ।

ਆਰੰਭ ਵਿਚ ਗਣਿਤ ਨੂੰ ਪ੍ਰਮਾਣਿਤ ਉਪਵਰਗਾਂ ਵਿਚ ਵੰਡਿਆ ਗਿਆ ਹੈ। ਹਰ ਇਕ ਪ੍ਰਮਾਣਿਤ ਉਪਵਰਗ ਦਾ ਆਪਣਾ ਅੱਡ ਪਹਿਲੂ ਫਾਰਮੂਲਾ ਹੈ। ਪਹਿਲੂ ਫਾਰਮੂਲਿਆਂ ਵਿਚ ਪਦਾਰਥ [M] ਅਤੇ ਊਰਜਾ ਦਾ ਦੂਜਾ ਚੱਕਰ [2E] ਨਹੀਂ ਮਿਲਦੇ। [P] ਅਕਸਰ ਇਕੁਏਸ਼ਨ ਦੀ ਕਿਸਮ, ਡਿਗਰੀ ਜਾਂ ਆਰਡਰ (order) ਨੂੰ ਵਿਅਕਤ ਕਰਦਾ ਹੈ ਅਤੇ [E] ਵਿਚ ਸਮੱਸਿਆਵਾਂ ਸੁਲਝਾਉਣ ਵਾਲੇ ਇਕੱਲ ਦਿੱਤੇ ਗਏ ਹਨ।

Sixth order ordinary Linear Equations

B331, 1, 6

Differential Plane Geometry

B62: 3

Non-Euclidean Descriptive Line Geometry

B6M, 1: 5

Three Dimensional Elliptic Geometry

B6M3, 3

Dynamics of Viscous Liquids

B756 : 3

Lunar Eclipse

B92 : 57

Moon tides in the Indian Ocean

B92 : 78.95

Calculating the Mass of the Earth

B91 : 622: b1

(b1 a posteriorising Energy Common Isolate)

Indian Standard Time

B9 : 165.44

Age of the Earth

B91 : 67

Astro-Chemistry

B9 : (E)

Life of John Kepler - the Great Astronomer (1571-1630)

B9wJ71

Collected Astronomical Works of Gelileo

B9xJ64

Graphical Solutions to Abelian Equations

B239M:6

Influence of Tensor Calculus on the Theory of Relativity

CNOg B463

Difference between Cardinal and Ordinal Numbers

B3111ow3

All India Seminar on Probability Theory (Calcutta, 1975)

B281p44, N75

Journal of the Indian Mathematical Society (1937+)

Bm44, N3

Nizamiah Observatory (Hyderabad)

B9.44, f2, N

Mensuration

B6: (B1)

Indian Institute of Astrophysics (Bangalore, 1972)

B9: 6.44, d, 9N

International Mathematical Union (Paris, 1952)

B. 1, g, 9N5

## C. ਭੌਤਿਕ ਵਿਗਿਆਨ (PHYSICS)

ਗਣਿਤ ਵਿਸ਼ੇ ਵਾਂਗ ਹੀ ਭੌਤਿਕ ਵਿਗਿਆਨ ਵਿਸ਼ੇ ਨੂੰ ਸਭ ਤੋਂ ਪਹਿਲਾਂ ਪ੍ਰਮਾਣਿਤ ਉਪਵਰਗਾਂ ਵਿਚ ਵੰਡਿਆ ਗਿਆ ਹੈ। ਭੌਤਿਕ ਵਿਗਿਆਨ ਦੀਆਂ ਪ੍ਰਣਾਲੀਆਂ ਜਾਂ ਮੱਤ ((Systems) ਅਤੇ ਵਿਸ਼ੇਸ਼ (Specials) ਅਨੁਸੂਚੀ ਦੇ ਅੰਤ ਵਿਚ ਦਿੱਤੇ ਗਏ ਹਨ। ਜੇ ਕੋਈ ਵਿਅਕਤਿੱਤਵ ਪਹਿਲੂ, ਵਿਸ਼ੇਸ਼ ਪਹਿਲੂ ਜਾਂ ਪ੍ਰਣਾਲੀ ਪਹਿਲੂ ਨਾਲ ਆਉਂਦਾ ਹੈ ਤਾਂ ਵਿਸ਼ੇਸ਼ ਜਾਂ ਪ੍ਰਣਾਲੀ ਪਹਿਲੂ ਤੋਂ ਬਾਅਦ (,) ਚਿੰਨ੍ਹ ਲਗਾ ਕੇ [P] ਪਹਿਲੂ ਦਾ ਇਕੱਲ ਜੋੜਿਆ ਜਾਂਦਾ ਹੈ। ਜਦੋਂ ਪ੍ਰਣਾਲੀ ਪਹਿਲੂ ਅਤੇ ਵਿਸ਼ੇਸ਼ ਪਹਿਲੂ ਇਕੱਠੇ ਆਉਣ ਤਾਂ ਪ੍ਰਣਾਲੀ ਪਹਿਲੂ ਪਹਿਲਾਂ ਲਗਦਾ ਹੈ ਅਤੇ ਫੇਰ ਵਿਸ਼ੇਸ਼ ਪਹਿਲੂ ਲਗਦਾ ਹੈ, ਅਤੇ ਦੋਹਾਂ ਨੂੰ ਯੋਜਕ ਚਿੰਨ੍ਹ (,) ਲਗਾ ਕੇ ਨਿਖੇੜਿਆ ਜਾਂਦਾ ਹੈ। ਭੌਤਿਕ ਵਿਗਿਆਨ ਵਿਚ ਅਕਸਰ ਪਦਾਰਥ ਪਹਿਲੂ ਦੀ ਅਣਹੋਂਦ ਹੈ, ਪਰ ਸੀ ਸੀ ਦੇ ਪੰਨਾ 1.71 ਤੇ ਦਿੱਤੀ ਚੌਥੀ ਉਦਾਹਰਣ ਅਨੁਸਾਰ ਇਹ ਯਾਦ ਸਹਾਇਕ ਜੁਗਤ ਨਾਲ ਬਣਾਈ ਜਾ ਸਕਦੀ ਹੈ। ਇਸੇ ਤਰ੍ਹਾਂ ਪਦਾਰਥ ਪਹਿਲੂ ਜੇਕਰ ਲੋੜ ਹੋਵੇ ਤਾਂ ਵਿਸ਼ਾ ਜੁਗਤ ਨਾਲ ਵੀ ਤਿਆਰ ਕੀਤਾ ਜਾ ਸਕਦਾ ਹੈ।

ਕੁੱਝ ਉਦਾਹਰਣਾਂ :

Pressure of Gases

C28: 7

Michelson Morley Experiment on the Velocity of Light (1887)

C51 : 2M87

(ਕਿਉਂਕਿ ਇਹ ਪ੍ਰਕਾਸ਼ ਦੀ ਗਤੀ ਤੇ ਇਕ ਕਲਾਸਕੀ ਤਜਰਬਾ ਸੀ, ਇਸ ਲਈ ਇਸਨੂੰ ਪ੍ਰਣਾਲੀ ਵਾਂਗ ਮੰਨ ਲਿਆ ਗਿਆ ਹੈ)

Fizeau Method for determining the Velocity of Light (1849)

C51: 2M49

Propagation of Sound through Metals

C3: 2; (E191)

ਇੰਝ ਜਾਪਦਾ ਹੈ C1 Fundamentals ਦੇ ਅੰਤਰਗਤ ਇਕੱਲ ਅੰਕ ਗਲਤ ਛਪ ਗਏ ਹਨ। ਸਹੀ ਤਰਤੀਬ ਹੇਠ

ਲਿਖੇ ਅਨੁਸਾਰ ਹੋਣੀ ਚਾਹੀਦੀ ਹੈ :

| | |
|---|---|
| C11 | Matter |
| C12 | Weight |
| C13 | Gravitation |
| C14 | Energy |
| C15 | Space |
| C16 | Time |

Melting point of organic substances

C4; (E5) : 512

Fluid meow of Heat (Put forth in the 18th century)

C4: 8L

Joule's Theory of Heat (1850)

C4: 8M5

Nuclear Fission

C9B3: 11

Neutron Spectroscopy

C9B31: 3

Nature of Light according to Relativity Theory

CN, 51: 8

Space and Time according to Gravitation Theory

CK, 51: 8

Low Temperature Wave Mechanics

CN2, 9D1

Elasticity of Glass at High Temperatures

C9D8, 215: 2

Diffusion of Gases at Low temperature according to Wave Mechanics

CN2, 9D1, 28: 93

A Comparative Study of the Corpuscular and Quantum Theories of Light

C51: 8KowN

Life of J.J. Thomson (1856-1940)

CwM56

Physics Papers of Sir Isaac Newton (1642-1727)

CxK42

Practical Physics

C: f3

Saha Institute of Nuclear Physics (Calcutta, 1951)

C9B3.44, d, S

International Commission on Illumination (1900)

C5: 28. 1'N00t5

Mass Energy Relation

C830t4

Mathematical Equation of Mass and Energy

C830t4: (B)

Mathematical Physics

C: (B)

Indian Journal of Pure and Applied Physics (1963+)

Cm44, N6

## E. ਰਸਾਇਣ ਵਿਗਿਆਨ (CHEMISTRY)

## ਪਹਿਲੂ ਫਾਰਮੂਲਾ : E[P]:[E][2P]

ਰਸਾਇਣ ਵਿਗਿਆਨ ਭੌਤਿਕ ਵਿਗਿਆਨਾਂ ਵਿਚ ਸਭ ਤੋਂ ਵਧੀਆ ਬ੍ਰਾਂਚ ਹੈ। ਇਸਦਾ ਉੱਦੇਸ਼ ਕੁਦਰਤ ਦੇ ਮੂਲ ਤੱਤਾਂ ਦੇ ਢਾਂਚੇ ਅਤੇ ਬਣਤਰ ਦਾ ਅਧਿਐਨ ਕਰਨਾ ਹੈ। ਰੰਗਾਨਾਥਨ ਨੇ ਰਸਾਇਣ ਵਿਗਿਆਨ ਦੀ ਅਨੁਸੂਚੀ ਲਈ ਇਕੱਲਾਂ ਦੀ ਗਿਣਤੀ ਵਿਆਪਕ ਰੂਪ ਵਿਚ ਕਰਨ ਦਾ ਯਤਨ ਕੀਤਾ ਹੈ। ਸੀ ਸੀ ਵਿਚ ਭਾਵੇਂ ਬਾਹਰੀ ਰੂਪ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦਾ, ਪਰ E ਰਸਾਇਣ ਵਿਗਿਆਨ, ਪ੍ਰਮਾਣਿਤ ਉਪਵਰਗਾਂ ਵਿਚ ਵੰਡੀ ਹੋਈ ਹੈ। ਇਸਦੇ ਦੋ ਪ੍ਰਮਾਣਿਤ ਉਪਵਰਗ ਹਨ - E1 ਤੋਂ E4 ਅਕਾਰਬਨਿਕ ਰਸਾਇਣ ਅਤੇ E5 ਕਾਰਬਨਿਕ ਰਸਾਇਣ। ਭੌਤਿਕ ਰਸਾਇਣ ਵਿਗਿਆਨ ਅਤੇ ਐਨਾਲਿਟੀਕਲ ਰਸਾਇਣ ਵਿਗਿਆਨ ਊਰਜਾ ਇਕੱਲਾਂ ਵਿਚ ਵਿਦਮਾਨ ਹਨ। ਇਹ ਠੀਕ ਵੀ ਜਾਪਦਾ ਹੈ ਕਿਉਂਕਿ ਇਹ ਦੋਵੇਂ ਕਿਰਿਆਵਾਂ ਹਨ।

ਅਕਾਰਬਨਿਕ ਯੋਗਿਕਾਂ ਜਿਵੇਂ ਕਿ ਹਾਈਡਰੋਕਸਾਈਡ, ਆਕਸਾਈਡ, ਏਸਿਡ (Acids), ਬੇਸਿਜ਼ (Bases) ਅਤੇ ਸਾਲਟਸ (Salts) ਲਈ ਵਰਗ ਅੰਕ ਬਣਾਉਣ ਲਈ ਵਿਆਪਕ ਨਿਯਮ ਬਣਾਏ ਗਏ ਹਨ। ਕਾਰਬਨਿਕ ਤੱਤਾਂ ਅਤੇ ਉਨ੍ਹਾਂ ਦੇ ਵਿਉਂਤਪੰਨ ਤੱਤਾਂ ਲਈ ਵਰਗ ਅੰਕ ਬਣਾਉਣ ਦੇ ਨਿਯਮ ਮੁਕਾਬਲਤਨ ਸਰਲ ਹਨ। ਪਰ ਜਿਵੇਂ ਕਿ ਪਹਿਲਾਂ ਵੀ ਆਖਿਆ ਗਿਆ ਹੈ ਇਹ ਨਿਯਮ ਅਕਾਰਬਨਿਕ ਅਤੇ ਕਾਰਬਨਿਕ - ਦੋਹਾਂ ਕਿਸਮਾਂ ਦੇ ਯੋਗਿਕਾਂ ਨੂੰ ਅਲਗ ਅਲਗ ਵਰਗ ਅੰਕ ਦੇਣ ਦੇ ਸਮਰੱਥ ਨਹੀਂ ਹੋ ਸਕਦੇ। ਬਹੁਤ ਸਾਰੇ ਰਸਾਇਣਕ ਯੋਗਿਕਾਂ ਨੂੰ ਇਕੋ ਜਿਹੇ ਵਰਗ ਅੰਕ ਲਗ ਸਕਦੇ ਹਨ। ਬਹੁਤ ਸਾਰੀਆਂ ਨਵੀਆਂ ਸ਼ਾਖਾਵਾਂ ਦੇ ਲਈ ਕੋਈ ਵਰਗ ਅੰਕ ਨਹੀਂ ਮਿਲਦਾ। ਬਹੁਤ ਸਾਰੀ ਕਿਸਮਾਂ ਦੇ ਯੋਗਿਕ ਜਿਹੜੇ ਕਿ ਨਿਕਟ ਭਵਿੱਖ ਵਿਚ ਖੋਜੇ ਗਏ ਹਨ ਅਤੇ ਜਿਨ੍ਹਾਂ ਦਾ ਐਟਾਮਿਕ ਅੰਕ 100 ਤੋਂ ਵੱਧ ਹੈ, ਉਨ੍ਹਾਂ ਨੂੰ ਤੱਤਾਂ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਰਸਾਇਣਕ ਤੱਤਾਂ ਦਾ ਅੱਡ ਵਿਸ਼ੇਸ਼ ਇੰਡੈਕਸ ਕਾਫੀ ਲਾਭਦਾਇਕ ਹੋ ਸਕਦਾ ਸੀ। ਕੁਝ ਛਾਪੇ ਦੀਆਂ ਗਲਤੀਆਂ ਅਤੇ ਨਿਯਮਾਂ ਵਿਚ ਖਾਮੀਆਂ ਹਨ।

ਪਹਿਲੂ ਫਾਰਮੂਲੇ ਦੀ ਵਿਆਖਿਆ -

| | |
|---|---|
| [P] | ਤੱਤ ਜਾਂ ਯੌਗਿਕ, ਕਾਰਬਨਿਕ ਅਤੇ ਅਕਾਰਬਨਿਕ, ਸਮੂਹਕ ਤੌਰ ਤੇ ਮੂਲ-ਤੱਤਾਂ ਵਜੋਂ ਜਾਣੇ ਜਾਂਦੇ ਹਨ। |
| [$P_2$] | ਕਾਰਬਨਿਕ ਧਾਤੂਗਤ ਤੱਤ E5 ਤੋਂ E8 ਤੱਕ ਦੇ ਇਕੱਲਾਂ ਲਈ ਅੱਡ-ਅੱਡ ਹਨ। |
| [E] cum [2P] | ਰਸਾਇਣਿਕ ਪ੍ਰਕ੍ਰਿਆਵਾਂ ਅਤੇ ਵਿਉਂਤ ਆਦਿ ਹੈ। |

### ਅਕਾਰਬਨਿਕ ਮੂਲ ਤੱਤ

E1 ਤੋਂ E4 ਤੱਕ ਬਿਆਨੇ ਇਕੱਲ ਪਹਿਲੂ ਅਕਾਰਬਨਿਕ ਰਸਾਇਣ ਵਿਗਿਆਨ ਦੀਆਂ ਕਿਸਮਾਂ ਹਨ। ਇਸ ਲਈ ਇਸਨੂੰ ਦੂਰਬੀਨੀ (Telescoped) ਪੰਗਤੀ ਆਖਦੇ ਹਨ। E1 ਵਿਚ ਰਸਾਇਣਿਕ ਤੱਤ ਦਿੱਤੇ ਗਏ ਹਨ। E2 ਤੋਂ E4 ਤੱਕ ਵੱਖ ਵੱਖ ਰਸਾਇਣਿਕ ਯੋਗਿਕ ਬਿਆਨੇ ਗਏ ਹਨ। ਪਰ ਅਕਾਰਬਨਿਕ ਯੋਗਿਕਾਂ ਲਈ ਕੋਈ ਵੀ ਇਕੱਠਾ ਇਕੱਲ ਅੰਕ ਨਹੀਂ ਹੈ। E1 ਦੇ ਇਕੱਲੇ ਅੰਕ ਬਣਾਉਣ ਲਈ ਵਿਆਪਕ ਨਿਯਮ ਦਿੱਤੇ ਗਏ ਹਨ। ਸੀ ਸੀ ਵਿਚ ਤੱਤਾਂ ਦੀ ਵਰਗੀਕਰਣ ਪੀਰੀਆਡੀਕਲ ਟੇਬਲ ਅਨੁਸਾਰੀ ਹੈ। ਪਰ ਪੀਰੀਆਡੀਕਲ ਟੇਬਲ ਵਿਚ ਵੀ ਬਹੁਤ ਸਾਰੀਆਂ ਕਮੀਆਂ ਹਨ। ਇਕ ਤੱਤ ਦਾ

ਇਕੱਲ ਅੰਕ ਅਕਸਰ ਤਿੰਨ ਪਦਾਂ ਵਾਲਾ ਹੁੰਦਾ ਹੈ ਅਤੇ ਕੁਝ ਹਾਲਤਾਂ ਵਿਚ ਇਸਦੇ ਪੰਜ ਪਦ ਵੀ ਹੋ ਸਕਦੇ ਹਨ। ਇਕ ਤੱਤ ਦੇ ਵਰਗ ਅੰਕ ਵਿਚ "ਪਦ 1" ਵਸਤੂ ਲਈ ਵਰਤਿਆ ਜਾਂਦਾ ਹੈ। ਦੂਜਾ ਪਦ ਗਰੁੱਪ ਲਈ ਜਿਹੜਾ ਇਸ ਲਈ ਪੀਰੀਆਡੀਕਲ ਟੇਬਲ ਅਨੁਸਾਰੀ ਹੈ, ਅਤੇ ਤੀਜਾ ਪਦ ਇਸਦੇ ਪੀਰੀਆਡੀਕਲ ਟੇਬਲ ਵਿਚ ਪੀਰੀਅਡ ਨੰਬਰ ਅਨੁਸਾਰੀ ਹੈ। ਇਸਦੀ ਇਕ ਉਦਾਹਰਣ ਲੈਂਦੇ ਹਾਂ। ਲੋਹਾ ਤੱਤ ਦਾ ਇਕੱਲ ਅੰਕ 182 ਹੈ, ਇਸ ਇਕੱਲ ਅੰਕ ਵਿਚ ਪਹਿਲਾ ਪਦ ਤੱਤ ਲਈ ਹੈ, ਦੂਜਾ ਪਦ '8' ਪੀਰੀਆਡਿਕ ਟੇਬਲ ਅਨੁਸਾਰ ਤੱਤ ਦੇ ਅੱਠਵੇਂ ਗਰੁੱਪ ਦਾ ਬੋਧ ਕਰਾਂਦਾ ਹੈ, ਅਤੇ ਤੀਜਾ ਪਦ '2' ਪੀਰੀਆਡਿਕ ਟੇਬਲ ਵਿਚ ਲੋਹੇ ਲਈ ਪੀਰੀਆਡਿਕ ਅੰਕ ਦਾ ਬੋਧ ਕਰਾਂਦਾ ਹੈ। ਜੇਕਰ ਇਕ ਤੱਤ ਦੇ ਇਕੱਲ ਅੰਕ ਵਿਚ ਤਿੰਨ ਤੋਂ ਵੱਧ ਪਦ ਸੰਮਿਲਿਤ ਹੋਣ ਤਾਂ ਵਾਧੂ ਪਦ ਕੇਵਲ ਤੱਤ ਵਿਸ਼ੇਸ਼ ਨੂੰ ਪਹਿਲਾਂ ਹੀ ਭਰੇ ਹੋਏ ਪੀਰੀਆਡਿਕ ਟੇਬਲ ਵਿਚ ਸੈਟ ਕਰਨ ਲਈ ਵਰਤੇ ਹੁੰਦੇ ਹਨ। ਕੁਝ ਅਸਥਿਰ ਪ੍ਰਕਿਰਤੀ ਦੇ ਤੱਤਾਂ ਨੂੰ ਛੱਡ ਕੇ ਸਾਰੇ ਪ੍ਰਤੱਖ ਤੱਤਾਂ ਲਈ ਇਕੱਲ ਅਨੁਸੂਚੀ ਵਿਚ ਲਿਸਟ ਕੀਤੇ ਗਏ ਹਨ। (ਇਹ ਤੁਸੀਂ ਸੀ. ਸੀ. ਦੇ E1 ਤੋਂ E119 ਨਿਯਮਾਂ ਵਿਚ ਜਿਹੜੇ ਕਿ ਪੰਨਾ 1.74 ਤੇ ਪੜ੍ਹ ਸਕਦੇ ਹੋ)। ਇਨ੍ਹਾਂ ਨਿਯਮਾਂ ਨੂੰ ਬਹੁਤ ਹੀ ਧਿਆਨ ਨਾਲ ਪੜ੍ਹਨ ਦੀ ਲੋੜ ਹੈ। ਇਨ੍ਹਾਂ ਨਿਯਮਾਂ ਵਿਚ ਅਗਿਆਤ ਅਤੇ ਭਵਿੱਖ ਵਿਚ ਪ੍ਰਤੱਖ ਹੋਣ ਵਾਲੇ ਤੱਤਾਂ ਲਈ ਇਕੱਲ ਅੰਕ ਨਿਸ਼ਚਿਤ ਕਰਨ ਦਾ ਉਪਰਾਲਾ ਵੀ ਕੀਤਾ ਹੋਇਆ ਹੈ। ਇਨ੍ਹਾਂ ਨਿਯਮਾਂ ਦੇ ਆਧਾਰ ਤੇ ਹੇਠ ਲਿਖੇ ਤੱਤਾਂ ਲਈ ਸੰਭਾਵਿਤ ਵਸਤੂ ਅੰਕ ਦਿੱਤੇ ਜਾਂਦੇ ਹਨ :

| | | |
|---|---|---|
| ਆਇਨਸਟੇਨਿਯਮ | (Es) | 13791 |
| ਫਰਮਿਅਮ | (Fr) | 13792 |
| ਮੈਂਡਲੇਵਿਅਮ | (Md) | 13793 |
| ਨੋਬੇਲਿਅਮ | (No) | 13794 |
| ਲਾਰੇਨਸਿਅਮ | (Lr) | 13795 |
| ਰਦਰਫੋਰਡੀਅਮ | (Rf) | 1479 |
| ਹਾਰਨੀਅਮ | (Ha) | 1579 |

ਅਕਾਰਬਨਿਕ ਯੌਗਿਕਾਂ ਲਈ ਵਰਗ ਅੰਕ ਬਣਾਉਣ ਤੋਂ ਪਹਿਲਾਂ "ਤੱਤ ਅੰਕ" ਅਤੇ "ਪੂਰਨ ਤੱਤ ਅੰਕ" ਪਦਾਂ ਬਾਰੇ ਜਾਣ ਲੈਣਾ ਜ਼ਰੂਰੀ ਹੈ।

ਡਾ. ਰੰਗਾਨਾਥਨ ਅਨੁਸਾਰ E1 ਵਿਚ ਆਏ 1 ਪਦ ਤੋਂ ਬਾਅਦ ਆਉਣ ਵਾਲਾ ਅੰਕ ਤੱਤ ਅੰਕ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਤੱਤ ਅੰਕ ਅਕਸਰ ਪੀਰੀਆਡਿਕ ਟੇਬਲ ਵਿਚ ਉਸ ਤੱਤ ਦਾ ਗਰੁੱਪ ਅੰਕ ਅਤੇ ਨਾਲ ਲਗਦਾ ਪੀਰੀਅਡ ਅੰਕ ਹੁੰਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸਿਰਫ ਤੱਤਾਂ ਲਈ ਤੱਤ ਅੰਕ ਹੁੰਦਾ ਹੈ, ਨਾ ਕਿ ਯੋਗਿਕਾਂ ਲਈ। ਉਦਾਹਰਣ ਲਈ ਹਾਈਡਰੋਜਨ ਦਾ ਤੱਤ ਨੰਬਰ 10 ਹੈ, ਜਿਸਤ (Zinc) ਦਾ 23, ਹੀਲੀਅਮ ਦਾ 100, ਪਲਾਟੀਨਮ ਦਾ 879 ਅਤੇ ਐਕਟੀਨੀਅਮ ਦਾ 391, ਅਤੇ ਹੋਰ ਅੱਗੇ।

ਪੂਰਨ ਤੱਤ ਅੰਕ ਬਣਾਉਣ ਲਈ ਤੱਤ ਅੰਕ ਨਾਲ ਸੰਯੋਜਕਤਾ (Valency) ਅੰਕ ਜੋੜ ਦਿੱਤਾ ਜਾਂਦਾ ਹੈ। ਪੂਰਨ ਤੱਤ ਅੰਕ = ਤੱਤ ਅੰਕ + ਸੰਯੋਜਕਤਾ ਅੰਕ 1 ਇਸ ਅਨੁਸਾਰ ਹਾਈਡਰੋਜਨ ਦਾ ਪੂਰਨ ਤੱਤ ਅੰਕ 10+1=101 ਹੋਵੇਗਾ। ਇਸੇ ਤਰ੍ਹਾਂ ਜਿਸਤ (Zinc) ਦਾ ਪੂਰਨ ਤੱਤ ਅੰਕ 23+2=232, ਹੀਲੀਅਮ ਦਾ 00+0=000 ਅਤੇ ਐਕਟੀਨੀਅਮ ਦਾ 391+3=3913 ਬਣਦਾ ਹੈ।

ਇਹ ਨੋਟ ਕਰ ਲਿਆ ਜਾਵੇ ਕਿ ਕੁਝ ਤੱਤਾਂ ਦੇ ਇਕ ਤੋਂ ਵੱਧ ਸੰਯੋਜਕ ਅੰਕ ਹੁੰਦੇ ਹਨ। ਪਲਾਟੀਨਮ ਦੇ ਦੋ ਸੰਯੋਜਕ ਅੰਕ 3 ਜਾਂ 4 ਹੁੰਦੇ ਹਨ, ਸੋਨੇ (Gold) ਦੇ 1 ਜਾਂ 3 ਅਤੇ ਕਰੋਮੀਅਮ ਦੇ 2,3 ਜਾਂ 6 ਸੰਯੋਜਕ ਅੰਕ ਹੁੰਦੇ ਹਨ। ਮੈਂਗਨੀਜ਼ ਦੇ ਲਗਭਗ ਪੰਜ ਸੰਯੋਜਕ ਅੰਕ 2,3,4,6 ਜਾਂ 7 ਹੁੰਦੇ ਹਨ। ਇਸ ਲਈ ਅਜਿਹੀਆਂ ਧਾਤਾਂ ਦੇ ਪੂਰਨ ਤੱਤ ਅੰਕ ਯੋਗਿਕ ਤੋਂ ਯੋਗਿਕ ਲਈ ਅੱਡ ਅੱਡ ਹੁੰਦੇ ਹਨ। ਉਪਰ ਬਿਆਨੇ ਤੱਤਾਂ ਦੇ ਪੂਰਨ ਤੱਤ ਅੰਕ ਨਿਮਨ ਅਨੁਸਾਰ ਹੋਣਗੇ :

| | | |
|---|---|---|
| ਪਲਾਟੀਨਮ | (Pt) | 8793 ਜਾਂ 8794 |
| ਸੋਨਾ | (Au) | 181 ਜਾਂ 183 |
| ਕਰੋਮੀਅਮ | (Cr) | 622, 623, 626 |

ਮੈਗਨੀਜ਼ (Mn) 722, 723, 724, 726 ਜਾਂ 727

**ਹਾਈਡਰੋਕਸਾਈਡ (Hydroxides)**

ਹਾਈਡਰੋਕਸਾਈਡ ਲਈ ਵਸਤੂ ਅੰਕ ਬਣਾਉਣ ਵਾਸਤੇ [P] ਵਿਚੋਂ '2' ਦੇ ਪਦ ਤੋਂ ਅੱਗੇ ਜਿਸ ਤੱਤ ਦਾ ਹਾਈਡਰੋਕਸਾਈਡ ਬਣਾਉਣਾ ਹੋਵੇ ਉਸਦਾ ਤੱਤ ਅੰਕ ਜੋੜਿਆ ਜਾਂਦਾ ਹੈ। ਜਿਵੇਂ ਕਿ ਪਾਣੀ ਜਿਸਨੂੰ Hydrogen Hydroxide (HOH) ਆਖਿਆ ਜਾਂਦਾ ਹੈ, ਉਸਦਾ ਵਸਤੂ ਅੰਕ 2+10=210 ਬਣੇਗਾ। ਇਸੇ ਤਰ੍ਹਾਂ ਕਾਸਟਿਕ ਸੋਡਾ ਜਿਸਨੂੰ Sodium Hydroxide (NaOH) ਆਖਿਆ ਜਾਂਦਾ ਹੈ ਇਸਤੋਂ ਵਸਤੂ ਅੰਕ 2+11=211 ਬਣਦਾ ਹੈ।

ਕੁਝ ਹਾਈਡਰੋਕਸਾਈਡਾਂ ਦੇ ਵਸਤੂ ਅੰਕ ਹੇਠ ਦਿੱਤੇ ਜਾਂਦੇ ਹਨ :

| | | |
|---|---|---|
| Potassium hydroxide | KOH | 212 |
| Calcium hydroxide | $Ca(OH)_2$ | 222 |
| Aluminium hydroxide | Al(OH)2 | 231 |
| Iron hydroxide | Fe(OH) | 282 |

ਆਕਸਾਈਡ (Oxides) ਬਣਾਉਣ ਲਈ ਜਿਸ ਤੱਤ ਦਾ ਆਕਸਾਈਡ ਬਣਾਉਣਾ ਹੋਵੇ ਉਸਦਾ ਪੂਰਨ ਤੱਤ ਅੰਕ ਪਦ 2 ਦੇ ਅੱਗੇ ਜੋੜ ਕੇ ਬਣਦਾ ਹੈ। ਇਸਦਾ ਫਾਰਮੂਲਾ : 2+ਤੱਤ ਅੰਕ+ਸੰਯੋਜਕਤਾ ਜਾਂ 2+ਪੂਰਨ ਤੱਤ ਅੰਕ। ਉਦਾਹਰਣ ਹਿਤ : ਫੈਰਸ ਆਕਸਾਈਡ ਦਾ ਵਸਤੂ ਅੰਕ 2+82+2=2822 ਬਣਦਾ ਹੈ। ਇਸੇ ਪ੍ਰਕਾਰ ਕੁਝ ਆਕਸਾਈਡਾਂ ਦੇ ਵਸਤੂ ਅੰਕ ਹੇਠ ਦਿੱਤੇ ਹਨ :

| | | |
|---|---|---|
| Ferric oxide | $Fe_2O_3$ | 2+82+3=2823 |
| Sodium oxide | $Na_2O$ | 2+11+1=2111 |
| Lead Monoxide | PbO | 2+48+2=2482 |
| Carbon dioxide | $CO_2$ | 2+40+4=2404 |
| Manganese dioxide | $MnO_2$ | 2+72+4=2724 |

ਤੇਜਾਬਾਂ (Acids) ਦੇ ਵਸਤੂ ਅੰਕ ਬਣਾਉਣ ਲਈ E ਰਸਾਇਣ ਵਿਗਿਆਨ ਦੀ ਅਨੁਸੂਚੀ ਦੇ ਵਿਅਕਤਿੱਤਵ ਸ਼੍ਰੇਣੀ ਵਿਚ ਦਰਜ ਪਦ '3' ਦੇ ਨਾਲ ਜਿਹੜੇ ਤੱਤ ਦਾ ਤੇਜ਼ਾਬ ਬਣਾਉਣਾ ਹੋਵੇ ਉਸਦਾ ਪੂਰਨ ਤੱਤ ਅੰਕ ਜੋੜ ਦਿੱਤਾ ਜਾਂਦਾ ਹੈ। ਆਉ ਗੰਧਕ ਦੇ ਤੇਜਾਬ ਜਾਂ Sulphuric Acid ($H_2$S04) ਦਾ ਵਸਤੂ ਅੰਕ ਬਣਾਈਏ। ਇਸ ਵਿਚ Sulphur ਤੱਤ ਦਾ ਤੇਜ਼ਾਬੀ ਆਕਸਾਈਡ ਬਣਾਉਣਾ ਹੈ। ਗੰਧਕ (Sulphur) ਦਾ ਤੱਤ ਅੰਕ 61 ਅਤੇ ਸੰਯੋਜਕਤਾ 6 ਹੈ। ਇਸ ਲਈ ਗੰਧਕ ਦਾ ਪੂਰਨ ਤੱਤ ਅੰਕ 616 ਹੋਵੇਗਾ। ਹੁਣ ਗੰਧਕ ਦੇ ਤੇਜ਼ਾਬ ਦਾ ਵਸਤੂ ਅੰਕ 3+616=3616 ਹੋਵੇਗਾ।

ਇਸੀ ਤਰ੍ਹਾਂ ਕੁਝ ਹੋਰ ਤੇਜ਼ਾਬਾਂ ਦੇ ਵਸਤੂ ਅੰਕ ਹੇਠ ਦਿੱਤੇ ਜਾਂਦੇ ਹਨ :

| | | |
|---|---|---|
| Nitric Acid | $HNO_3$ | 3505 |
| Hydrochloric Acid | HCI | 3711 |
| Hydrofloric Acid | HF | 3701 |
| Hydrobromic Acid | HBr | 3731 |

ਸੀ ਸੀ ਦੇ ਪੰਨਾ 1.76 ਤੇ ਲੂਣਾਂ (Salts) ਬਾਰੇ ਵਸਤੂ ਅੰਕ 4 ਤੋਂ ਬਾਅਦ ਕ੍ਰਮਵਾਰ ਬੇਸਿਕ ਅਤੇ ਤੇਜਾਬੀ (Acidic) ਤੱਤਾਂ ਦੇ ਅੰਕ ਜੋੜ ਕੇ ਬਣਾਏ ਜਾਂਦੇ ਹਨ।

ਲੂਣਾਂ (Salts) ਦੀਆਂ ਕੁਝ ਉਦਾਹਰਣਾਂ :

Substance number for Sodium Chloride NaCI :

4+Element Number of Sodium+Element Number of Chlorine=4+11+71=41171

Substance number for Gold chloride Aucl:

4+18+71=41871

For Silver Bromide AgBr = 41573

For Zinc Sulphide ZnS = 4+23+61 = 42361

For Barium Chloride = 4+26+71 = 42671

Similarly the substance number for Potassium Chloride KCI is = 41271

Similarly the substance numbers for some of the salts are given below:

| | |
|---|---|
| Gold Chloride | 41871 |
| Sodium Bromide | 41173 |

ਕਾਰਬਨਿਕ (Organic) ਅਤੇ ਬਾਇਓਕੈਮੀਕਲ ਵਸਤਾਂ ਦੇ ਵਸਤੂ ਅੰਕ ਦੋ ਪੱਧਰਾਂ ਦੇ ਵਿਅਕਤਿੱਤਵ ਭਾਵ [P] ਅਤੇ [$P_2$] ਤੋਂ ਅੰਕ ਜੋੜ ਕੇ ਬਣਦੇ ਹਨ। [$P_2$] ਜਿਸਨੂੰ ਜੁੜਵੇਂ ਅੰਕ ਆਖਦੇ ਹਨ, ਵਿਚ ਕਾਰਬਨਿਕ ਅਤੇ ਬਾਇਓਕੈਮੀਕਲ ਵਸਤਾਂ ਦੇ ਧਾਤੂਗਤ (derivatives) ਲਿਸਟ ਕੀਤੇ ਗਏ ਹਨ। ਇਹ ਕੇਵਲ ਕੁਲ (Family) ਪੱਧਰ ਦੀ ਵਿਅਕਤੀਕਰਣ ਪ੍ਰਦਾਨ ਕਰਦੇ ਹਨ। ਉਦਾਹਰਣ ਵਜੋਂ, Methyl Chloride $CH_3$ Cl ਅਤੇ Methyl Bromide $CH_3$ Br ਲਈ ਇਕੋ ਵਰਗ ਅੰਕ E611,1 ਬਣਦਾ ਹੈ।

ਕਾਰਬਨਿਕ ਅਤੇ ਬਾਇਓਕੈਮੀਕਲ ਵਸਤਾਂ ਦੇ ਕੁਝ ਉਦਾਹਰਣ ਹੇਠ ਦਿੱਤੇ ਜਾਂਦੇ ਹਨ :

Aliphatic Sulfuric Acid (It is a Sulphur Compound of an aliphatic substance.)

E6, 6

(Laboratory) Preparation of Methyl Chloride

E611, 1 : 11

Solubility of Ethyl Bromide

E612, 1: 2201

Aliphatic Silicons

E6, 841

(Here 8 of [$P_2$] has been amplified by the Element Number of the Silicon as per Rule E28, page 1.76.)

Synthesis of Aromatic Esters

E7, 383 : 4

Benzoic Acid (Acid of Benzene)

E711, 3

Aniline (Amino Benzene)

E711,51

Dimethyl Ether

E611, 281

Dehydration of Methanethoil

E611, 6:82

Nitromethane

E611, 57

(The isolate number 7 in [$P_2$1 (page 2.48) for Nitro compounds seems to be a misprint. The correct isolate number appears to be 57 instead of 7.)

Commercial Quantitative Analysis of Acetic Acid

E612,3 : 34, 6

Difference between the preparation of Ethers and Ketones

ES, 2810w5 11

Biochemistry of Vitamins

E9G, 97

Quantitative analysis of Proteins by Raman Spectra in Biochemistry

E9G, 92Z2 : 33, E7

Organic Physical Chemistry

E5:2

**ਅਕਾਰਬਨਿਕ ਰਸਾਇਣ ਵਿਗਿਆਨ ਤੋਂ ਕੁੱਝ ਉਦਾਹਰਣਾਂ :**

Periodic Table of Chemical Elements

E1 : 17

ਇਸਨੂੰ ਅੱਗੇ ਕਾਲ-ਜੁਗਤ (CD) ਨੂੰ ਕਾਲਾਂਤਰ ਪ੍ਰਣਾਲੀਆਂ ਵਿਚ ਵਧਾਇਆ ਜਾ ਸਕਦਾ ਹੈ :

Mendeleyev's Periodic Table (1869)

E1 : 17M6

Thomsen's Periodic Table (1895)

E1: 17M9

Difference between Atomic weights of Oxygen and Sulphur

E160 0w 1 : 14

Oxidation of Sulphur

E161 : 81

pH value of Salts

E4 : 3, T6

Qualitative analysis of water by Electrical Method

E210 : 33, F

Valency of Radium

E129 : 215

Synthesis of Nitric Acid

E350 : 4

Influence of Physical Chemistry on Inorganic Chemistry

E10gE : 2

Relation between Organic and Inorganic Chemistry

E10j5

Indian Chemical Society (1924)

E.44, g, 9N

Indian Institute of Metals (Calcutta, 1946)

E191.44, d, 9N

Society of Biology Chemists (India, 1930)
E9G.44, g, 9N
International Union of Pure and Applied Chemistry (IUPAC) (Oxford, 1919)
E. 1, g, 9N1
Biography of Sir Humphry Davy (1778-1829)
EwL78
Chemical Abstracts
Eam73, M
Russian Journal of Physical Chemistry
E : 2m47, N
Indian Journal of Chemistry (1963+)
Em44, N6
Estimating the quantity of Sulphur in Sulphuric Acid
E36160k161 : 34 (ਇਸ ਲਈ ਵੇਖੋ ਸੀ ਸੀ 6 ਦਾ ਨਿਯਮ E18, ਪੰਨਾ 1.76)
Determining the presence of Copper in an alloy by Electrical Method
E1930k13: 33, F
Bibliography of Chemical Physics 1995
E: (C) aN9
History of Indian Chemistry brought upto 1990s
Ev44 'N9

## D. ਇੰਜੀਨੀਅਰਿੰਗ (ENGINEERING)

**ਪਹਿਲੂ ਫਾਰਮੂਲਾ : D[P],[$P_2$]:[E][2P]**

ਇੰਜੀਨੀਅਰਿੰਗ ਇਕ ਵਿਸ਼ਾਲ ਵਿਸ਼ਾ-ਖੇਤਰ ਹੈ, ਜਿਸਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਹਨ। ਡਾ. ਰੰਗਾਨਾਥਨ ਨੇ ਇੰਜੀਨੀਅਰਿੰਗ ਨੂੰ ਮਹਿਜ਼ ਅਪਲਾਈਡ ਫਿਜਿਕਸ ਹੀ ਮੰਨਿਆ ਹੈ ਜਦੋਂ ਕਿ ਇਹ ਇਸਤੋਂ ਕਿਤੇ ਵੱਧ ਹੈ। ਇੰਜੀਨੀਅਰਿੰਗ ਦੀਆਂ ਆਧੁਨਿਕ ਸ਼ਾਖਾਵਾਂ ਲਈ ਜਾਂ ਤੇ ਬਹੁਤ ਘੱਟ ਵੇਰਵਾ ਹੈ ਜਾਂ ਫੇਰ ਬਿਲਕੁਲ ਹੀ ਛੱਡ ਦਿੱਤੀਆਂ ਗਈਆਂ ਹਨ। F ਤਕਨਾਲੋਜੀ, HZ ਖਾਣ ਵਿਗਿਆਨ ਅਤੇ M ਲਾਭਦਾਇਕ ਕਲਾਵਾਂ D ਇੰਜੀਨੀਅਰਿੰਗ ਵਿਸ਼ੇ ਦੇ ਸਹਿਯੋਗੀ ਵਿਸ਼ੇ ਹਨ, ਜਿਹੜੇ ਕਿ ਇਸਦੇ ਪੂਰਕ ਮੰਨੇ ਜਾਂਦੇ ਹਨ।

ਇੰਜੀਨੀਅਰਿੰਗ ਦੀ ਪਹਿਲੀ ਪੰਗਤੀ ਦੀ ਵੰਡ ਪ੍ਰਮਾਣਿਤ ਉਪਵਰਗਾਂ ਦੇ ਆਧਾਰ ਤੇ ਕੀਤੀ ਗਈ ਹੈ। ਭਾਵੇਂ ਹਰ ਇਕ ਪ੍ਰਮਾਣਿਤ ਉਪਵਰਗ ਦੇ ਅਲਹਿਦੇ ਵਿਅਕਤਿੱਤਵ ਇਕੱਲ ਹਨ, ਪਰ ਫੇਰ ਵੀ ਇਹ ਸਾਂਝੇ ਤੌਰ ਤੇ ਜੁੜੇ ਜਾਪਦੇ ਹਨ।

ਪਹਿਲੂ ਫਾਰਮੂਲੇ ਵਿਚ :

[P] ਕੰਮ ਦੀ ਕਿਸਮ ਹੈ

[$P_2$] ਕੰਮ ਦਾ ਹਿੱਸਾ ਹੈ, ਇਸ ਲਈ ਇਹ [P] ਦੇ ਨਾਲ ਹੀ ਬਦਲਦਾ ਹੈ। ਇਸਤੋਂ ਭਾਵ ਹੈ ਕਿ [$P_2$] ਇਕੱਲ [P] ਦੇ ਸਾਰੇ ਇਕੱਲਾਂ ਲਈ ਸਾਂਝੇ ਨਹੀਂ ਹਨ। ਫੇਰ ਵੀ D6 ਮਕੈਨੀਕਲ ਇੰਜੀਨੀਅਰਿੰਗ ਲਈ [$P_2$] ਕੰਮ ਕਰਨ ਦਾ ਖੇਤਰ ਮੰਨਿਆ ਜਾਂਦਾ ਹੈ। ਇਸਦੇ ਹੋ ਇਕੱਲ, ਜੇਕਰ ਲਿਸਟ ਨਹੀਂ ਕੀਤੇ ਗਏ ਤਾਂ ਵਿਸ਼ਾ ਜੁਗਤ (SD) ਨਾਲ ਤਿਆਰ ਕੀਤ ਜਾ ਸਕਦੇ ਹਨ।

[$P_3$] ਇਹ D6 ਦੇ ਕੰਮ ਦਾ ਹਿੱਸਾ ਹੈ। ਸੀ ਸੀ ਦੀ ਅਨੁਸੂਚੀ ਵਿਚ ਇਸਦੇ ਇਕੱਲ ਅੰਕ ਅਨੁਸੂਚਿਤ ਨਹੀਂ ਕੀਤੇ ਗਏ। ਸ਼ਾਇਦ ਇਨ੍ਹਾਂ ਨੂੰ ਅਨੁਸੂਚੀ ਦੀ ਵਿਆਪਕ ਸੂਚੀ ਵਾਲੇ ਸੰਸਕਰਣ ਵਿਚ ਤਿਆਰ ਕੀਤੇ ਜਾਣ ਬਾਰੇ ਗੱਲ ਕੀਤੀ ਗਈ ਹੈ।

[E] cum [2P] ਇਹ ਇੰਜੀਨੀਅਰਿੰਗ ਦੇ ਬਹੁਤ ਸਾਰੇ ਕੰਮ-ਕਾਜ ਹਨ।

D66 ਬਿਜਲੀ ਇੰਜੀਨੀਅਰਿੰਗ ਲਈ ਕੁਝ ਵਿਸ਼ੇਸ਼ ਇਕੱਲ ਬਣਾਏ ਗਏ ਹਨ। ਇਸਦੇ ਵਿਸ਼ੇਸ਼ ਇਕੱਲ ਅਨੁਸੂਚੀ ਦੇ ਅੰਤ ਵਿਚ ਸੀ ਸੀ ਦੇ ਪੰਨਾ 2.45 ਤੇ ਉਲੀਕੇ ਗਏ ਹਨ।

ਕੁਝ ਉਦਾਹਰਣਾਂ :

Constructing Brick Roofs
D33, 6: 7

Surveying for underground Railway Platform
D4154, 87: 2

Specifications for the floor of Dining Cars in Rail Carriages
D515336, 63: 5

Train Car Roof Repair
D5151,66 : 85

Aerial Survey for Airport site
D43, 8 : 28

Machine Tools
D6, 8

Drilling Tools
D6, 845

Repair of Harvesting Machinery
D6, 8(J: 7): 85

Dairy Machinery
D6, 8(KZ311: 71)

Mining Equipment
D6, 8(HZ)

ਜਿਵੇਂ ਕਿ ਅਨੁਸੂਚੀ ਵਿਚ ਵਰਣਨ ਕੀਤਾ ਗਿਆ ਹੈ, ਅਤੇ ਪਦ-ਕ੍ਰਮ ਨਿਯਮ ਅਨੁਸਾਰ ਵੀ ਅਸੀਂ ਮੰਨ ਸਕਦੇ ਹਾਂ, ਕਿ D6 ਦੀ [$P_2$] ਦੇ ਸਾਰੇ ਇਕੱਲ D6 ਦੀਆਂ ਹੋਰ ਸ਼ਾਖਾਵਾਂ ਤੇ ਵੀ ਉਸੇ ਤਰ੍ਹਾਂ ਹੀ ਲਾਗੂ ਹੋ ਸਕਦੇ ਹਨ।

Mechanical Lifts
D6, 71

Electrical Lifts
D66, 71

Hydraulic Lifts
D635, 71

Mechanical Printers
D65, 8(M14)

Electronic Printers
D65, 8(M14)

Electronic Clocks
D65, 8(B): 4

Storage of Weak Current

D665, 18

Maintenance of Underground Electrical Transmission Lines

D66, 24: 82

Alternating Current (AC) Meter

D664e3

Energy meters for overhead transmission of Two Phase AC

D6642, 21e5

Purification of (Water Supply) water by Salts

D85534

(ਸੀ ਸੀ ਭਾਗ 1 ਦੇ ਨਿਯਮ D8553 ਅਨੁਸਾਰ ਆਖਰੀ ਪਦ 4 ਨੂੰ E ਰਸਾਇਣ ਵਿਗਿਆਨ ਤੋਂ ਲਿਆ ਗਿਆ ਹੈ। )

Chlorination of Drinking Water

D8553171

Difference between the generation of AC and DC Currents

D6630w4: 1

Influence of Electrical Engineering on Civil Engineering

D 1 or 66

Institution of Engineers Bulletin (1951+)

Dm44, N5

All India Annual Conference of Electrical Engineers (1975, New Delhi)

D66p44, N75

Bulletin of Electronic Society of India (1970)

D65m44, N7

Guru Nanak Engineering College, Ludhiana

D.4443, e4, G

Functions of the Institute of Engineers India (1920)

D.44, d, 9N: 3

**ਸਵੈ-ਨਿਰੀਖਣ ਲਈ ਅਭਿਆਸ - 1**

1. Documentation Services in Research Libraries of European Countries.
2. Cataloguing of Periodicals in the Insurance Libraries of Delhi during 1998.
3. Journal of Library and Information Science (JLIS) brought out by the Department of Library and Information Science, University of Delhi, Delhi since 1976.
4. Functions of the President of Delhi Library Association (DLA), Delhi.
5. Quartics Geometry : Its foundation.
6. American Journal of Mathematical Sciences published by AMS since 1946.
7. Indian Mathematical Society Report (Founded in 1967).
8. History of Bibliography of Mathematics.
9. Functions of the Director National Physical Laboratory for the period of 2003 (founded in

1952).

10. Reflection of Gamma Rays.
11. Band Spectra according to Wave Mechanics.
12. Scattering of Cosmic Rays.
13. Introduction to Physical Chemistry.
14. Biochemical Analysis of Alkaloids.
15. National Seminar on 'Thermo-Chemistry' organized by the Department of Chemistry, University of Delhi, Delhi from 28th Feb. - 3rd March 2003 in the Ashoka Hotel, New Delhi.
16. Research in Bio-Chemistry.
17. Specification for the manufacturing of Refrigerators in Cambridge: A city of England.
18. Construction of Overhead Transmission Wires.
19. Biology of Water Supply.
20. Influence of Television on the Urban Youths of Developing Countries.

## ਹੋਰ ਪੜ੍ਹਨ ਲਈ ਪੁਸਤਕਾਂ


1. ਅਰੋੜਾ (ਜੀ.ਕੇ.) ਅਤੇ ਹੋਰ : ਕਲਾਸੀਫਿਕੇਸ਼ਨ ਆਫ ਕੈਮੀਕਲ ਕੰਪਾਊਂਡਜ਼ ਇਨ ਸੀ ਸੀ : ਇਨਆਰਗੈਨਿਕ-ਕੰਪਾਊਂਡਜ਼. ਐਨਲਜ ਆਫ ਲਾਇਬਰੇਰੀ ਸਾਇੰਸ ਐਂਡ ਡਾਕੂਮੈਂਟੇਸ਼ਨ, 11(4). ਦਸੰਬਰ, 1964, ਪੰਨੇ 47-53.
2. ਰੰਗਾਨਾਥਨ (ਐਸ.ਆਰ.). ਕੋਲਨ ਕਲਾਸੀਫਿਕੇਸ਼ਨ, ਸੰਸ. 6. ਬੰਗਲੌਰ : ਸਾਰਦਾ ਰੰਗਾਨਾਥਨ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1960.
3. ਕੌਲਾ (ਪੀ.ਐਨ.). ਏ ਟਰੀਟਾਈਜ਼ ਆਨ ਕੋਲਨ ਕਲਾਸੀਫਿਕੇਸ਼ਨ, ਸਟਰਲਿੰਗ ਪਬਲਿਸ਼ਰਜ਼, 1985.
4. ਰੰਗਾਨਾਥਨ (ਐਸ.ਆਰ.). ਐਲੀਮੈਂਟਸ ਆਫ ਲਾਇਬਰੇਰੀ ਕਲਾਸੀਫਿਕੇਸ਼ਨ, ਸੰਸ. 3, ਬੰਗਲੌਰ : ਸ਼ਾਰਦਾ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
5. ਸਤੀਜਾ (ਐਮ.ਪੀ.). ਮੈਨੂਅਲ ਫਾਰ ਪ੍ਰੈਕਟੀਕਲ ਕਲਾਸੀਫਿਕੇਸ਼ਨ ਸੋਧਤ ਸੰਸ. 3. ਨਵੀਂ ਦਿੱਲੀ : ਸਟਰਲਿੰਗ ਪਬਲੀਸ਼ਰਜ਼, 1995.
6. ਸਤੀਜਾ (ਮਹਿੰਦਰ ਪ੍ਰਤਾਪ) : ਕੋਲਨ ਵਰਗੀਕਰਣ: ਪ੍ਰੈਕਟੀਕਲ ਗਾਈਡ, ਨਿਊ ਦਿੱਲੀ : ਸਤੀਜਾ ਰਿਸਰਚ ਫਾਊਡੇਸ੍ਨ ਇਨ ਲਾਇਬ੍ਰੇਰੀ ਐਂਡ ਇਨਫਰਮੇਸ੍ਨ ਸਾਇੰਸ, 2013.
7. ਸਚਦੇਵਾ (ਐਮ.ਐਸ.). ਕੋਲਨ ਕਲਾਸੀਫਿਕੇਸ਼ਨ : ਥਿਓਰੀ ਐਂਡ ਪ੍ਰੈਕਟਿਸ. ਨਿਊ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1975.

**ਪਾਠ ਨੰ. 1.6**

**ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

## ਤਕਨਾਲੋਜੀ, ਜੀਵ-ਵਿਗਿਆਨ, ਭੂ-ਵਿਗਿਆਨ, ਖਾਣ-ਵਿਗਿਆਨ

### ਉੱਦੇਸ਼

ਇਸ ਪਾਠ ਵਿਚ ਕੁਦਰਤੀ ਵਿਗਿਆਨਾਂ ਦੇ ਚਾਰ ਮੂਲ ਵਿਸ਼ਿਆਂ - ਤਕਨਾਲੋਜੀ, ਜੀਵ-ਵਿਗਿਆਨ, ਭੂ-ਵਿਗਿਆਨ ਅਤੇ ਖਾਣ-ਵਿਗਿਆਨ ਲਈ ਵਰਗ ਅੰਕ ਬਣਾਉਣ ਦੀਆਂ ਵਿਧੀਆਂ ਅਤੇ ਪ੍ਰੈਕਟਿਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਜਾਵੇ ਗਾ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਇਸ ਪਾਠ ਵਿਚ ਵਿਚਾਰੇ ਗਏ ਮੁੱਖ ਵਿਸ਼ਿਆਂ ਨਾਲ ਸੰਬੰਧਤ ਸੰਯੁਕਤ ਅਤੇ ਜਟਿਲ ਵਰਗ ਅੰਕ ਬਣਾਉਣ ਬਾਰੇ ਜਾਣ ਸਕੋਗੇ ;
* ਪ੍ਰਲੇਖਾਂ ਦੀ ਵਰਗੀਕਰਣ ਪ੍ਰਕ੍ਰਿਆ ਅਤੇ ਪਹਿਲੂ ਫਾਰਮੂਲੇ ਤੋਂ ਵਾਕਿਫ ਹੋ ਜਾਵੋਗੇ ;
* ਦਿੱਤੇ ਸਿਰਲੇਖਾਂ ਦੇ ਵਰਗ ਅੰਕ ਬਣਾਉਣ ਲਗ ਪਵੋਗੇ ; ਅਤੇ
* ਆਪਣੇ ਦੁਆਰਾ ਤਿਆਰ ਕੀਤੇ ਵਰਗ ਅੰਕਾਂ ਨੂੰ ਦਿੱਤੇ ਵਰਗ ਅੰਕਾਂ ਨਾਲ ਮਿਲਾ ਕੇ ਗਲਤ ਜਾਂ ਠੀਕ ਦੀ ਪਛਾਣ ਕਰ ਸਕੋਗੇ।

### F ਤਕਨਾਲੋਜੀ (TECHNOLOGY)

### ਪਹਿਲੂ ਫਾਰਮੂਲਾ : F[P]:[E][2P]

ਤਕਨਾਲੋਜੀ ਦਾ ਸ਼ਬਦ-ਕੋਸ਼ੀ ਅਰਥ ਦੇਖਿਆ ਜਾਵੇ ਤਾਂ ਇਸਦਾ ਖੇਤਰ ਬਹੁਤ ਵਿਆਪਕ ਹੈ, ਪਰ ਰੰਗਾਨਾਥਨ ਨੇ ਇਥੇ ਸਿਰਫ ਰਸਾਇਣਿਕ ਉਦਯੋਗ ਦਾ ਪੱਖ ਹੀ ਲਿਆ ਹੈ, ਭਾਵੇਂ ਇਹ ਕੁਝ ਅਧੂਰਾ ਜਿਹਾ ਜਾਪਦਾ ਹੈ। ਦੂਜੇ ਸ਼ਬਦਾਂ ਵਿਚ ਇਸ ਮੁੱਖ ਵਰਗ ਵਿਚ ਸਿਰਫ ਭਾਰੀਆਂ ਰਸਾਇਣਕ ਵਸਤਾਂ ਹੀ ਆਉਂਦੀਆਂ ਹਨ।

ਵਿਸ਼ੇ ਦੀ ਵਿਆਪਕਤਾ ਦੀ ਤੁਲਨਾ ਵਿਚ ਇਕੱਲਾਂ ਦੀ ਗਿਣਤੀ ਬਹੁਤ ਘੱਟ ਹੈ। ਸਮੱਸਿਆ ਪਹਿਲੂ ਵਿਚ ਵਿਸ਼ੇਸ਼ ਤੌਰ ਤੇ ਇਕੱਲਾਂ ਦੀ ਗਿਣਤੀ ਦੀ ਬਹੁਤ ਘਾਟ ਹੈ।

[P] : ਇਸ ਵਿਚ ਵਸਤੂ ਪਹਿਲੂ ਦਿੱਤਾ ਗਿਆ ਹੈ। ਇਸਦੇ ਕੁਝ ਇਕੱਲ ਦਿੱਤੇ ਗਏ ਹਨ ਅਤੇ ਬਾਕੀ ਸਾਰੇ ਇਕੱਲ E ਰਸਾਇਣ ਵਿਗਿਆਨ ਦੀ [P] ਤੋਂ ਲਏ ਗਏ ਹਨ।

[E][2P] : ਇਸ ਵਿਚ ਰਸਾਇਣਕ ਉਦਯੋਗ ਵਿਚ ਆਉਂਦੀਆਂ ਵੱਖ-ਵੱਖ ਤਕਨੀਕੀ ਤਰਕੀਬਾਂ ਹੀ ਹਨ। ਇਸਦੇ ਇਕੱਲ ਮੁੱਖ ਵਿਸ਼ੇ E:8 ਵਿਚੋਂ ਲੈਣੇ ਹਨ, ਪਰ 8 ਅੰਕ ਨਾਲ ਨਹੀਂ ਲਗਾਉਣਾ। (ਵਿਆਖਿਆ ਲਈ ਵੇਖੋ ਸੀ ਸੀ ਨਿਯਮ F22 ਪੰਨਾ 1.77)

Fermentation of Alcohol

F54 : 7

Industrial Chemistry

F : (E)

Industrial Oxidation

F : 1

ਸਮੱਸਿਆ ਦੇ ਹੱਲ ਲਈ ਵੱਖ-ਵੱਖ ਉਦਯੋਗਿਕ ਪ੍ਰਕ੍ਰਿਆਵਾਂ ਵਰਤੀਆਂ ਜਾ ਸਕਦੀਆਂ ਹਨ। ਉਦਾਹਰਣ ਵਜੋਂ ਅਸੀਂ ਪਾਣੀ ਛਾਣਨ ਲਈ ਦੋ ਵੱਖ-ਵੱਖ ਪ੍ਰਕ੍ਰਿਆਵਾਂ ABC ਅਤੇ XYZ ਮੰਨ ਸਕਦੇ ਹਾਂ। ਇਥੇ ਛਾਣਨਾ ਸਮੱਸਿਆ ਹੈ, ਅਤੇ ABC ਤੇ XYZ ਦੋ ਪ੍ਰਕ੍ਰਿਆਵਾਂ ਜਾਂ ਢੰਗ ਹਨ। ਅਜਿਹੀਆਂ ਸੂਰਤਾਂ ਵਿਚ ਪ੍ਰਕ੍ਰਿਆ ਪਹਿਲੂ ਪਹਿਲਾਂ ਆਉਂਦਾ ਹੈ, ਅਤੇ ਸਮੱਸਿਆ ਪਹਿਲੂ ਬਾਅਦ ਵਿਚ ਆਉਂਦਾ ਹੈ। ਪ੍ਰਕ੍ਰਿਆ ਪਹਿਲੂ ਅਤੇ ਸਮੱਸਿਆ ਪਹਿਲੂ ਨੂੰ (:) ਚਿੰਨ੍ਹ ਨਾਲ ਅੱਡ ਕੀਤਾ ਜਾਂਦਾ ਹੈ। ਪ੍ਰਕ੍ਰਿਆ

ਪਹਿਲੂ ਦੇ ਇਕੱਲ ਅੱਖਰਵਾਰ ਜੁਗਤ ਨਾਲ ਬਣਾਏ ਜਾਂਦੇ ਹਨ ਅਤੇ ਜਿਵੇਂ ਉੱਪਰ ਦੱਸਿਆ ਗਿਆ ਹੈ ਸਮੱਸਿਆ ਪਹਿਲੂ ਦੇ ਇਕੱਲ E ਰਸਾਇਣ ਵਿਗਿਆਨ ਵਿਸ਼ੇ ਦੇ ਊਰਜਾ ਪਹਿਲੂ 8 ਤੋਂ ਅਗਲੇ ਇਕੱਲ ਪਦ ਲਿਖ ਕੇ ਬਣਾਇਆ ਜਾਂਦਾ ਹੈ (ਵੇਖੋ ਪੰਨਾ 1.78, ਨਿਯਮ F23)।

ਉਦਾਹਰਣਾਂ :

ABC Process of Water Distillation

F210 : A : 35

XYZ Process of Water Distillation

F210: X: 35

Lead-Chamber Process of Sulphuric Acid

F3616: L

(ਨਿਯਮ F2 (ਪੰਨਾ 1.77) ਅਨੁਸਾਰ ਪ੍ਰਕ੍ਰਿਆ ਪਹਿਲੂ (AD) ਨਾਲ ਬਣਾਇਆ ਗਿਆ ਹੈ।)

Contact Process of Sulphuric Acid

F3616: C

Industrial dehydration of Methyl Ether

F611, 281:2

Haber Process for Ammonia

F1129: H

Industrial Distillation of Nitro Paraffins

F61, 5: 35

ਜੇਕਰ ਕਿਸੇ ਵਸਤੂ ਲਈ ਇਕ ਤੋਂ ਵੱਧ ਉਦਯੋਗਿਕ ਰੂਪ ਵਿਦਮਾਨ ਹੋਣ ਤਾਂ ਹਰ ਇਕ ਰੂਪ ਜਾਂ ਪ੍ਰਕਾਰ ਲਈ ਇਕੱਲ ਅੰਕ ਪੱਖਦਾਰੀ (Favoured) ਸ਼੍ਰੇਣੀ ਜੁਗਤ ਨਾਲ ਤਿਆਰ ਕੀਤਾ ਜਾਂਦਾ ਹੈ। ਕੋਇਲੇ ਦੀ ਗੁਣਵੱਤਾ ਪਰਖ ਕੇ ਉਸਨੂੰ ਹੇਠ ਲਿਖੇ ਅਨੁਸਾਰ ਇਕੱਲ ਅੰਕ ਬਣਾ ਸਕਦੇ ਹਾਂ :

| | | |
|---|---|---|
| High-volatile | A bituminous | 551 |
| Medium-volatile | bituminous | 5511 |
| Low-volatile | bituminous | 5512 |
| Simianthractie | | 5513 |
| Anthracite | | 5514 |

ਇਸ ਨਾਲ ਮੇਲ ਖਾਂਦੀ ਲੋਹੇ ਦੀ ਉਦਾਹਰਣ ਪੰਨਾ 1.77 ਤੇ ਮਿਲਦੀ ਹੈ :

Difference between Paints and Tanning Material

F58950w7

Difference between the Industrial Colouring of Paints and Tanning Material

F58950w7: 95

Kirk-Othmer Encyclopaedia of Chemical Technology (1947)

Fk73, N4

Statistics of Soap making units in Punjab in 1960

F9496A443 'N60s

(Deeming it a stray report)

Report of Shri Ram Chemicals Limited India

F.44, h, Sr

Central Food Technological Research Institute, Mysore (Bangalore, 1950)

F53.44, f, 9N5

Management Board of the Dalima Biscuit Factory (Rajpura, Punjab)

F53.4443, k, D, 2

Collected Works of Louis Pasteur on Alcohol Fermentation

F54 : 7xM22

Indian Arms and Explosive Acts

F5594 : (Z44)

Dehydration of Coffee Beans

F53 (J481) : 2

Journal of the Colour Society (India, 1962+)

F58m44, N6

Fuel Abstracts and Current Titles (Britain, 1960+)

F55am56, N6

Atlas of Drug Industries in India, 1970

F56fN7.44

## G ਜੀਵ ਵਿਗਿਆਨ (BIOLOGY)

### ਪਹਿਲੂ ਫਾਰਮੂਲਾ : G[P]:[E][2P]

ਜੀਵ ਵਿਗਿਆਨ ਵਿਚ ਹਰ ਇਕ ਪ੍ਰਕਾਰ ਦੀ ਜਿੰਦਗੀ (ਚਾਹੇ ਬਨਸਪਤੀ ਹੋਵੇ ਜਾਂ ਪ੍ਰਾਣੀ) ਦੀਆਂ ਕਿਸਮਾਂ, ਤੌਰ ਤਰੀਕੇ ਅਤੇ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਇਸ ਪਹਿਲੂ ਫਾਰਮੂਲੇ ਵਿਚ :

[P] ਜੀਵਨ ਦੀਆਂ ਕਿਸਮਾਂ ਆਉਂਦੀਆਂ ਹਨ।

[E]cum[2P] ਇਸ ਵਿਚ ਜੀਵਨ ਦੀਆਂ ਸਮੱਸਿਆਵਾਂ ਆਉਂਦੀਆਂ ਹਨ।

ਜੀਵ ਵਿਗਿਆਨ ਦੀ ਅਨੁਸੂਚੀ ਸਰਲ ਹੈ, ਪਰ ਹੇਠ ਲਿਖੀਆਂ ਦੋ ਗੱਲਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ:

1. ਊਰਜਾ ਇਕੱਲ 33, 341, 345 ਅਤੇ 346 ਲਈ [2M] ਦੀ ਲੋੜ ਪੈ ਸਕਦੀ ਹੈ। ਇਥੇ [2M] ਲਈ E ਰਸਾਇਣ ਵਿਗਿਆਨ ਦੀ [P] ਦੇ ਇਕੱਲ ਲਗਾਏ ਜਾਂਦੇ ਹਨ। ਜੇਕਰ ਹੋਰ ਲੋੜ ਮਹਿਸੂਸ ਹੋਵੇ ਤਾਂ [2M] ਵਿਸ਼ਾ ਜੁਗਤ ਨਾਲ ਵੀ ਬਣਾਈ ਜਾ ਸਕਦੀ ਹੈ।

   Chemical effect of Nitrogen on Tissues

   G12: 33E; 150

   Chemical effect of Drugs on Tissues

   G12: 33E; (F56)

2. ਦੂਜੀ ਗੱਲ ਵਿਸ਼ੇਸ਼ ਧਿਆਨ ਯੋਗ ਹੈ ਕਿ ਜੇਕਰ ਊਰਜਾ ਇਕੱਲ [E] 12 ਤੋਂ 18 ਅਤੇ 5 ਲਗਾਏ ਜਾਣ ਤਾਂ ਇਸ ਤੋਂ ਤੁਰੰਤ ਬਾਅਦ ਥਾਂ ਪਹਿਲੂ ਲਗਾਇਆ ਜਾਵੇ। ਇਸਤੋਂ ਬਗੈਰ ਵਿਸ਼ਾ ਅਰਥਹੀਣ ਜਾਪਦਾ ਹੈ। ਫੌਨਾ, ਫਲੋਰਾ ਅਤੇ ਈਕਾਲੋਜੀ ਵਿਸ਼ੇ ਕਿਸੇ ਭੂਗੋਲਿਕ ਖੇਤਰ ਦੇ ਸੰਦਰਭ ਵਿਚ ਹੀ ਪੜ੍ਹੇ ਜਾ ਸਕਦੇ ਹਨ। ਇਹ ਦੋ ਅਨੋਖੇ ਨੁਕਤੇ I ਬਨਸਪਤੀ ਵਿਗਿਆਨ, K ਜੰਤੂ ਵਿਗਿਆਨ, KZ ਪਸ਼ੂ ਪਾਲਣ, ਅਤੇ L ਚਕਿਤਸਾ ਵਿਗਿਆਨ ਵਿਸ਼ਿਆਂ ਤੇ ਵੀ ਲਾਗੂ ਹੁੰਦੇ ਹਨ।

Fauna and Flora of India

G: 12.44

Ecology of Indian Ocean

G: 5.95

Nucleus Microphotography

G113: 1995

British Journal of Indian Fauna and Flora (started in 1962 : a hypothetical case)

G: 12.44m56, N6

(Indian) Journal of Indian Fauna and Flora started in 19th century

G: 12.44mM

ਇਸ ਵਿਲੱਖਣ ਉਦਾਹਰਣ ਵਿਚ ਅਗੇਤਰੇ ਸਾਂਝੇ ਇਕੱਲ 'm' ਦੀ [$P_1$] ਨਹੀਂ ਜੋੜੀ ਗਈ, ਕਿਉਂਕਿ ਥਾਂ ਪਹਿਲਾਂ ਸਿਰਲੇਖ ਵਿਚ ਆ ਗਈ ਹੈ। ਅਜਿਹੀ ਸੂਰਤ ਵਿਚ (ਸੀ ਸੀ ਪੰਨਾ 1.79 ਦੀ ਪਹਿਲੀ ਉਦਾਹਰਣ) ਜਿਥੇ [$P_1$] ਗੈਰਹਾਜ਼ਰ ਹੋਵੇ ਉਥੇ [$P_2$] ਬਿਨਾ (,) ਲਗਾਇਆਂ ਸਿੱਧੇ ਹੀ ਜੋੜੀ ਜਾ ਸਕਦੀ ਹੈ। ਇਸ ਉਦਾਹਰਣ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਇਹ V:19[$P_1$], [$P_2$] ਵਾਂਗ ਹੀ ਟੈਲੀਸਕੋਪਡ ਕੀਤਾ ਗਿਆ ਹੈ। ਇਨ੍ਹਾਂ ਹਾਲਤਾਂ ਵਿਚ ਜੇਕਰ [$P_1$] ਗੈਰਹਾਜ਼ਰ ਹੋਵੇ ਤਾਂ [$P_2$] ਸਿੱਧਾ ਹੀ ਲਗ ਜਾਂਦਾ ਹੈ ਅਤੇ (,) ਨਹੀਂ ਲਗਾਇਆ ਜਾਂਦਾ।

Marine Ecology of Pacific Ocean

G9555: 5.97

International Seminar on Indian Natural Environments (New Delhi, 1978)

G: 55.44pl, N78

Virus diseases of Plants and Animals

G: 423

Bengal Natural History Society (Darjeeling, 1923)

G: 12.4475, g, 9N23

Indian Biophysical Society Report (Founded in 1965)

G: (C).44, g, 9N65r

Opium Katabolism

G: 332: (J471)

Tobacco Anabolism in Embryo

G9B: 331: (J452)

Physical effects of Fasting

G: 346C

Physical effects of Fasting on the Embryo Cells

G9B, 11: 346C

Tissue Structure

G12: 2

Forest Conservation

G95124: 527

Theory of Evolution of Life

G: 66

ਕਿਉਂਕਿ ਵਿਕਾਸ ਦੀਆਂ ਬਹੁਤ ਸਾਰੀਆਂ ਥਿਊਰੀਆਂ ਪ੍ਰਚੱਲਤ ਹਨ, ਸੋ ਇਨ੍ਹਾਂ ਨੂੰ ਪ੍ਰਣਾਲੀਆਂ ਮੰਨਿਆ ਜਾ ਸਕਦਾ ਹੈ ਅਤੇ G:66 ਨੂੰ ਕਾਲ-ਕ੍ਰਮ ਜੁਗਤ ਨਾਲ ਵਧਾਇਆ ਜਾ ਸਕਦਾ ਹੈ।

Biblical Account of Evolution

G : 66B

Empedocles Ideas of Evolution (450BC)

G : 66C

Darwin's Theory of Evolution

G : 66M

(or simply G : 66 keeping in view the literary warrant on it)

Genetic effect of X-ray

G : 60gC53

Morphological Differences between Cells and Tissues

G110w2 : 2

Relation between Anatomy and Physiology

G : 20j3

Life of Charles Darwin (Born in 1809)

GwM09

Biological Abstracts (US, 1927+)

Gam73, N

Tropical Ecology

G9H : 5

L9H ਤਪਤ-ਖੰਡੀ ਚਕਿਤਸਾ ਵਿਗਿਆਨ ਵਾਂਗ ਹੀ ਅਸੀਂ G9H ਤਪਤ-ਖੰਡੀ ਜੀਵ ਵਿਗਿਆਨ ਅੰਕ ਬਣਾ ਸਕਦੇ ਹਾਂ।

International Society for Tropical Ecology (Varanasi, 1960)

G9H: 5. 1, g, 9N6

Tropical Animal Sociology

G9H: 56

Journal of Marine Biology Association of India 1959

G9555m44, N5

Advances in Microbiology Research in India

Brought upto 1995

G91: fv44 'N9

Indian Institute of Chemical Biology (Calcutta, 1935)

G: (E). 44. g, 9N3

ਵਿਸ਼ੇਸ਼ (ਖੇਤਰ) ਵੀ ਇਸ ਮੁੱਖ ਵਰਗ ਵਿਚ ਆਉਂਦੇ ਹਨ ਜੋ ਆਪਣੀ ਨਿਯਤ ਥਾਂ ਅਨੁਸਾਰ ਸਭ ਤੋਂ ਬਾਅਦ ਵਿਚ ਆਉਂਦੇ ਹਨ :

G9B ਭਰੂਣ
G9C ਬੱਚਾ
G9D ਸਮਫੁਟ ਉਮਰ
G9E ਬੁਢਾਪਾ

ਸੋ ਜੇਕਰ ਇਨ੍ਹਾਂ (ਵਿਸ਼ੇਸ਼ਾਂ) ਨਾਲ [P] ਪਹਿਲੂ ਆਉਂਦਾ ਹੈ ਤਾਂ ਵਿਸ਼ੇਸ਼ ਪਹਿਲੂ ਅਤੇ [P] ਵਿਚ ਕੌਮਾ (,) ਆਉਂਦਾ ਹੈ।

ਜਿਵੇਂ : ਗਰਭ ਸੈਲ
G9B, 11
ਅਨੁਵਾਂਸ਼ਿਕੀ ਗਰਭ ਸੈਲ
G9B, 11 : 6

## H ਭੂ-ਵਿਗਿਆਨ (GEOLOGY)

## ਪਹਿਲੂ ਫਾਰਮੂਲਾ : H[P] : [E] [2P]

ਕੋਲਨ ਵਰਗੀਕਰਣ ਵਿਚ ਭੂ-ਵਿਗਿਆਨ ਨੂੰ ਅੱਠ ਪ੍ਰਮਾਣਿਤ ਉਪ-ਵਰਗਾਂ ਵਿਚ ਵੰਡਿਆ ਗਿਆ ਹੈ। ਅਨੁਸੂਚੀ ਸੌਖੀ ਹੈ ਅਤੇ ਕੋਈ ਖ਼ਾਸ ਔਖੀ ਨਹੀਂ ਜਾਪਦੀ। ਪਰ H6 ਪੁਰਾਤਨ ਭੂ-ਵਿਗਿਆਨ (ਪਥਰਾਟ ਵਿਗਿਆਨ) ਲਈ ਕੁਝ ਅਨੋਖੇ ਨਿਯਮ ਬਣਾਏ ਗਏ ਹਨ।

ਹਰ ਇਕ ਪ੍ਰਮਾਣਿਤ ਉਪਵਰਗ ਲਈ [P] ਅਤੇ [E]cum[2P] ਅੱਡ ਅੱਡ ਹਨ। ਆਮ ਤੌਰ ਤੇ [P] ਵਿਚ ਵਸਤੂ ਜਾਂ ਭੂਮੀ ਦੀ ਸਤਹ ਦੀ ਕਿਸਮ ਦਿੱਤੀ ਗਈ ਹੈ ਅਤੇ [E]cum[2P] ਵਿਚ ਭੂ-ਵਿਗਿਆਨਿਕ ਪ੍ਰਕ੍ਰਿਆਵਾਂ ਅਤੇ ਸਮੱਸਿਆਵਾਂ ਦਿੱਤੀਆਂ ਗਈਆਂ ਹਨ।

H1 ਖਣਿਜ ਵਿਗਿਆਨ ਦੀ [$P_1$] ਦੇ ਇਕੱਲ ਉਹੀ ਰੱਖੇ ਗਏ ਹਨ ਜਿਹੜੇ ਕਿ [P] ਰਸਾਇਣ ਵਿਗਿਆਨ ਦੇ ਹਨ। ਇਸ ਪ੍ਰਮਾਣਿਤ ਉਪਵਰਗ ਵਿਚ ਕੀਮਤੀ ਪੱਥਰਾਂ ਨੂੰ [P] ਵਿਚ 9 ਇਕੱਲ ਅੰਕ ਹੇਠ ਤਰਤੀਬਿਆ ਗਿਆ ਹੈ।

Classification of Zinc Minerals
H1123: 11
Occurrence of Sulphur in India
H1161: 155.44
Artificial Production of Pearls in Japan
H198: 164.42
Genesis of Volcanic Rocks
H211: 16
Occurrence of Sedimentary Rocks in China
H23: 155.41
Description of Indian Metamorphic Rocks
H22: 13.44
Geysers in Himachal
H412.4445
Quaternary Stratigraphy of the Himalayas
H55.4.g7H

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ H6 ਪੁਰਾਤਨ ਭੂ-ਵਿਗਿਆਨ ਦੇ ਵਰਗ ਅੰਕ ਬਣਾਉਣ ਸਮੇਂ ਧਿਆਨ ਨਾਲ ਕੰਮ ਕਰਨਾ ਪੈਂਦਾ ਹੈ। ਪਹਿਲੀ ਗੱਲ ਤੇ ਇਹ ਹੈ ਕਿ H6 ਵਿਚ ਉਹ ਜੀਵ ਲੈਣੇ ਹਨ ਜੋ ਕਈ ਹਜ਼ਾਰ ਸਾਲ ਪਹਿਲਾਂ ਜ਼ਮੀਨ

ਹੇਠ ਦਬ ਗਏ ਹਨ, ਅਤੇ ਹੁਣ ਉਨ੍ਹਾਂ ਦੀਆਂ ਹੱਡੀਆਂ ਦੇ ਪਥਰਾਟ ਬਣ ਚੁੱਕੇ ਹਨ। H6 ਪਥਰਾਟ ਵਿਗਿਆਨ ਦੀ [P] K ਪ੍ਰਾਣੀ-ਵਿਗਿਆਨ ਦੀ [P] ਵਿਚੋਂ ਲੈਣੀ ਹੈ। ਪੇਲੀਓ-ਬਾਟਨੀ (Paleo-Botany) ਦੀਆਂ ਪੁਸਤਕਾਂ ਨੂੰ ਮੁੱਖ ਵਰਗ I ਬਾਟਨੀ ਵਿਚ ਹੀ ਰੱਖਿਆ ਜਾਂਦਾ ਹੈ। ਜਿਵੇਂ ਕਿ H5, ਸੈਲ ਸਤਰਣ ਵਿਗਿਆਨ ਵਿਚ ਸਪਸ਼ਟ ਕੀਤਾ ਗਿਆ ਹੈ, ਸਮਾਂ ਪਹਿਲੂ ਬਹੁਤ ਜ਼ਰੂਰੀ ਹੈ। ਪਰ ਇਸ ਪ੍ਰਮਾਣਿਤ ਉਪਵਰਗ ਲਈ 'ਕਾਲ' ਦੇ ਇਕੱਲ ਕਾਲ ਦੀ ਅਨੁਸੂਚੀ ਵਿਚੋਂ ਨਹੀਂ ਲੈਣੇ, ਬਲਕਿ (ਸੀ ਸੀ ਪੰਨਾ 1.80) ਅਨੁਸਾਰ H5 ਸਤਰਣ ਵਿਗਿਆਨ ਵਿਚ H5 ਨੂੰ A ਨਾਲ ਬਦਲ ਕੇ ਬਣਾਉਣੇ ਹਨ :

ਜਿਵੇਂ ਕਿ H5 = A

H51 = A1 ਅਤੇ ਹੋਰ ਅੱਗੇ।

ਅਜਿਹਾ ਇਸ ਲਈ ਜ਼ਰੂਰੀ ਹੈ, ਕਿਉਂਕਿ ਭੂ-ਵਿਗਿਆਨੀ ਕਾਲ ਨੂੰ ਸਦੀਆਂ ਜਾਂ ਹਜ਼ਾਰ ਸਾਲ ਦੇ ਸਮੇਂ ਦੇ ਰੂਪ ਵਿਚ ਨਹੀਂ ਮਿਣਿਆ ਜਾ ਸਕਦਾ। ਇਹ ਜੀਵਨ ਵਿਕਾਸ ਦਰ ਮਾਪਣ ਲਈ ਬਹੁਤ ਛੋਟੀਆਂ ਇਕਾਈਆਂ ਹਨ। ਇਥੇ ਸਮਾਂ ਖਗੋਲੀ (Astronomical) ਆਕਾਰ ਧਾਰਣ ਕਰ ਲੈਂਦਾ ਹੈ। ਅਜਿਹੇ ਵਿਕਾਸਾਤਮਕ ਬਦਲਾਵਾਂ ਨੂੰ ਮਾਪਣ ਲਈ ਸ਼ਤਾਬਦੀ ਜਾਂ ਦਸ਼ਾਬਦੀ ਨਾੜੀ ਦੀ ਹਰਕਤ ਵਰਗੀਆਂ ਛੋਟੀਆਂ ਇਕਾਈਆਂ ਜਾਪਦੀਆਂ ਹਨ।

Mesozoic Age A3

Recent Times A55

Paleozoic Hydrozoa

ਇਥੇ Paleozoic ਕਾਲ ਦਾ ਇਕੱਲ ਹੈ, ਜਿਹੜਾ ਕਿ .5 ਤੋਂ ਲੈਣਾ ਹੈ ਅਤੇ Hydrozoa ਜੰਤੂ ਵਿਗਿਆਨ ਦਾ ਇਕ ਕੁਲ ਜਾਂ ਵੰਸ਼ ਹੈ ਜੋ K ਜੰਤੂ ਵਿਗਿਆਨ ਤੋਂ ਲੈਣਾ ਹੈ।

ਸੀ ਸੀ ਪੰਨਾ 1.80 ਅਨੁਸਾਰ ਕਾਲ ਇਕੱਲਾਂ ਦੀਆਂ ਕੁਝ ਹੋਰ ਉਦਾਹਰਣਾਂ ਹੇਠ ਲਿਖੀਆਂ ਗਈਆਂ ਹਨ :

H641 'A2

Cainozoic Insects

H686 'A4

Permian Carnivora

H69791 'A26

Fossils of Recent Primates

H6 9797 'A55

Canozoic Ayes

H696 'A4

Silurian Protozoa

H62 'A23

H7 ਆਰਥਿਕ ਭੂ-ਵਿਗਿਆਨ ਵਿਚ ਆਰਥਿਕ ਪੱਖੋਂ ਕੀਮਤੀ ਜ਼ਮੀਨ ਹੇਠ ਦਬੇ ਭੰਡਾਰ ਰੱਖੇ ਗਏ ਹਨ। H7 ਦੀ [P] ਅਤੇ [E] ਪ੍ਰਮਾਣਿਤ ਵਰਗ H1 ਵਾਲੀ ਹੀ ਹੈ।

Salt Deposits of Pakistan

H74.4407

ਇਥੇ H7 ਨੂੰ 4 ਲਗਾ ਕੇ ਵਧਾਇਆ ਗਿਆ ਹੈ, ਜਿਹੜਾ ਕਿ ਰਸਾਇਣ ਵਿਗਿਆਨ ਦੀ [P] ਵਿਚੋਂ ਲਿਆ ਗਿਆ ਹੈ, ਜਿਥੇ ਕਿ ਇਸਨੂੰ Salt ਲਿਖਿਆ ਗਿਆ ਹੈ :

Hidden Wealth of the Earth in India

H7.44

Underground water in Ganges Delta

H7210.44, e5G

Genesis of Iron Deposits in Bihar
H7182. 16.4473
Popular Description of Gold Mines in South Africa
H7182. 13.63
Diamond Deposits in Muslim Countries
H791.1 (Q7)
Difference in the Genesis of Ruby and Sapphire
H19210w2: 16
Stratigraphy for Geographers
H5 0bU
Geophysics
H: (C)
Nuclear Geophysics
H: (C9B3)
Mathematical Geophysics
H: (C): (B)
British Journal of Mathematical Geophysics
H: (C): (B) m56, N
Annals of Geology (India, 1966+)
Hm44, N6
Geological Survey of India (1851)
H.44, f2, 9M
Central Seismological Observatory
H4132.44, f2, 9N
Journal of Petrology (UK, 1960+)
H2m56, N6
Biblical Account of the Origin of the Earth
H8B
Lord Kelvin's Theory about the Age of Earth (1899)
H8M9

**HZ ਖਾਣ-ਵਿਗਿਆਨ (MINING)**

**ਪਹਿਲੂ ਫਾਰਮੂਲਾ : HZ[P], [$P_2$] : [E][2P]**

ਇਸ ਮੁੱਖ ਵਰਗ ਨੂੰ ਖਣਿਜ ਵਿਗਿਆਨ ਦਾ ਅਸਲੀ ਰੂਪ ਮੰਨਿਆ ਜਾ ਸਕਦਾ ਹੈ। ਇਸ ਵਿਚ ਖਣਿਜ ਪਦਾਰਥ ਨੂੰ ਧਰਤੀ ਵਿਚੋਂ ਕੱਢ ਕੇ ਅਤੇ ਹੋਰ ਤਕਨੀਕੀ ਢੰਗਾਂ ਨਾਲ ਵਰਤੋਂ ਯੋਗ ਬਣਾਇਆ ਜਾਂਦਾ ਹੈ।

ਖਾਣ ਵਿਗਿਆਨ ਦੇ ਪਹਿਲੂ ਫਾਰਮੂਲੇ ਵਿਚ [P] ਕੱਚੀ ਧਾਤ (ove) ਹੈ ਅਤੇ ਇਹ ਰਸਾਇਣ ਵਿਗਿਆਨ ਦੀ [P] ਅਤੇ H1 ਖਣਿਜ ਵਿਗਿਆਨ ਦੀ [P] ਵਿਚੋਂ ਲੈਣੀ ਹੈ। [$P_2$] ਕੰਮ ਦਾ ਹਿੱਸਾ ਹੈ। ਇਹ ਅਨੁਸੂਚੀ ਵਿਚ ਦਿੱਤਾ ਗਿਆ ਹੈ। [E][2P] ਕੱਚੀ ਧਾਤੂ ਦੀ ਪ੍ਰਾਸੈਸਿੰਗ ਹੈ, ਅਤੇ ਕੱਚੀ ਧਾਤੂ ਵਿਚੋਂ ਮੁੱਖ ਧਾਤ ਕੱਢਣ ਦੇ ਤਰੀਕੇ ਦਿੱਤੇ ਗਏ ਹਨ।

Lighting the underground roads of Iron Mines

HZ182, 4:55

Surface Transport in Sulphur Mines

HZ161, 8

Copper Pits

HZ113, 1

Timbering the Tunnels of Lead Mines

HZ148, 3 : 18

Transactions of the Society of Mining Engineers

(USA 1962+)

HZm73, N6

Society of Mining Engineers (USA)

HZ.73, g, 9N

Report of the Indian School of Mining (1926, Dhanbad)

HZ.44, e4, 9N2r

Director of the Central Mining Research Institute, Dhanbad (Founded 1956)

HZ.44, f. 9N56, 1

Safety in Mines Abstracts (UK 1952+)

HZ: 4am56, N5

ਇਸ ਅਨੁਸੂਚੀ ਵਿਚ ਵੱਡੀ ਊਣਤਾਈ ਇਹ ਹੈ ਕਿ ਧਾਤ ਵਿਦਿਆ (Metallurgy) ਨੂੰ ਖਾਣ ਵਿਗਿਆਨ ਤੋਂ ਅਲਹਿਦਾ ਕੀਤਾ ਗਿਆ ਹੈ। ਦੂਜੇ ਕੋਇਲੇ, ਪੈਟਰੋਲੀਅਮ ਅਤੇ ਹੋਰ ਬਾਲਣ ਯੋਗ ਗੈਸਾਂ ਲਈ ਸਪਸ਼ਟ ਇਕੱਲ ਨਹੀਂ ਦਿੱਤੇ ਗਏ।

## ਸਵੈ-ਪਰੀਖਣ ਲਈ ਅਭਿਆਸ-2

1. Industrial Electro Chemistry
2. English-Hindi Dictionary of Fuel Gas Technology.
3. American Journal of Electro-Metallurgy published from American Metallurgy Society since 1962.
4. Administrative Report of the Central Food Technological Laboratory Institute, Mysore (Bangalore, 1950).
5. Classification of Coastal Biology of India.
6. International Conference on 'Transmission of Herdity Material' held at Indian National Science Academy (INSA), New Delhi from 20th to 23rd Nov., 2004.
7. A Study of the Fauna and Flora of Great Britain.
8. Life and Works of Charles Darwin (Born in 1809).
9. A Critical Study of the Earthquakes of Japan.
10. Geology for Engineers.
11. Description of African Sedimentary Rocks.
12. Genesis of Iron Deposits in Jharkhand.
13. Indian Mining Code.

14. Elementary Principles of Manganese Mining of India.
15. Aims and Objectives of the Central Mining Research Institute, Dhanbad (Founded in 1956).
16. A Study of the Election Procedure of President of Society of Mining Engineers, USA (Founded in 1952).

## ਹੋਰ ਅਧਿਐਨ ਲਈ ਪੁਸਤਕਾਂ


1. ਰੰਗਾਨਾਥਨ (ਐਸ.ਆਰ.). ਕੋਲਨ ਕਲਾਸੀਫਿਕੇਸ਼ਨ, ਸੰਸ. 6. ਬੰਗਲੌਰ : ਸ਼ਾਰਦਾ ਰੰਗਾਨਾਥਨ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1960.
2. ਕੌਲਾ (ਪੀ.ਐਨ.). ਏ ਟਰੀਟਾਈਜ਼ ਆਨ ਕੋਲਨ ਕਲਾਸੀਫਿਕੇਸ਼ਨ, ਸਟਰਲਿੰਗ ਪਬਲਿਸ਼ਰਜ਼, 1985.
3. ਰੰਗਾਨਾਥਨ (ਐਸ.ਆਰ.). ਐਲੀਮੈਂਟਸ ਆਫ ਲਾਇਬਰੇਰੀ ਕਲਾਸੀਫਿਕੇਸ਼ਨ, ਸੰਸ. 3, ਬੰਗਲੌਰ: ਸ਼ਾਰਦਾ ਅਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
4. ਸਤੀਜਾ (ਐਮ.ਪੀ.). ਮੈਨੂਅਲ ਫਾਰ ਪ੍ਰੈਕਟੀਕਲ ਕਲਾਸੀਫਿਕੇਸ਼ਨ ਸੋਧਤ ਸੰਸ. 3. ਨਵੀਂ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1995.
5. ਸਤੀਜਾ (ਮਹਿੰਦਰ ਪ੍ਰਤਾਪ) : ਕੋਲਨ ਵਰਗੀਕਰਣ: ਪ੍ਰੈਕਟੀਕਲ ਗਾਈਡ, ਨਿਊ ਦਿੱਲੀ : ਸਤੀਜਾ ਰਿਸਰਚ ਫਾਊਡੇਸ਼ਨ ਇਨ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ, 2013.
6. ਸਚਦੇਵਾ (ਐਮ.ਐਸ.). ਕੋਲਨ ਕਲਾਸੀਫਿਕੇਸ਼ਨ : ਥਿਓਰੀ ਐਂਡ ਪ੍ਰੈਕਟਿਸ. ਨਿਊ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1975.

**ਪਾਠ ਨੰ. 1.7** **ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

# ਚਕਿਤਸਾ ਵਿਗਿਆਨ, ਖੇਤੀ-ਬਾੜੀ, ਪਸ਼ੂ ਪਾਲਣ ਅਤੇ ਸਮਾਜ ਵਿਗਿਆਨ

## ਉਦੇਸ਼

ਇਸ ਪਾਠ ਵਿਚ L ਚਕਿਤਸਾ ਵਿਗਿਆਨ, J ਖੇਤੀਬਾੜੀ, KZ ਪਸ਼ੂ ਪਾਲਣ ਅਤੇ Y ਸਮਾਜ ਵਿਗਿਆਨ, ਚਾਰ ਮੁੱਖ ਵਰਗਾਂ ਲਈ ਅੰਕ ਬਣਾਉਣ ਦੀਆਂ ਵਿਧੀਆਂ ਅਤੇ ਪ੍ਰੈਕਟਿਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਜਾਵੇਗਾ। ਇਕ ਗੱਲ ਨੋਟ ਕੀਤੀ ਜਾਵੇ ਕਿ ਇਨ੍ਹਾਂ ਚਾਰ ਮੁੱਖ ਵਰਗਾਂ ਵਿਚ E ਊਰਜਾ ਪਹਿਲੂ ਦੇ ਦੂਜੇ ਗੇੜ ਜਾਂ ਚੱਕਰ ਅਤੇ ਤੀਜੇ ਗੇੜ ਦੀ ਵਿਅਕਤਿੱਤਵ ਦੇ ਇਕੱਲਾਂ ਦੀ ਵਿਸ਼ੇਸ਼ ਵਰਤੋਂ ਕੀਤੀ ਗਈ ਹੈ। ਇਹੀ ਕਾਰਣ ਹੈ ਕਿ ਸਮਾਜ ਵਿਗਿਆਨ ਵਿਸ਼ੇ ਦਾ ਵਿਗਿਆਨਕ ਵਿਸ਼ਿਆਂ ਦੇ ਨਾਲ ਅਧਿਐਨ ਕੀਤਾ ਗਿਆ ਹੈ।

ਇਹ ਪਾਠ ਪੜ੍ਹਨ ਉਪਰੰਤ ਤੁਸੀਂ :

* ਇਸ ਪਾਠ ਵਿਚ ਵਿਚਾਰੇ ਗਏ ਮੁੱਖ ਵਿਸ਼ਿਆਂ ਨਾਲ ਸੰਬੰਧਤ ਸੰਯੁਕਤ ਅਤੇ ਜਟਿਲ ਵਰਗ ਅੰਕ ਬਣਾਉਣ ਬਾਰੇ ਜਾਣ ਸਕੋਗੇ ;
* ਪ੍ਰਲੇਖਾਂ ਦੀ ਵਰਗੀਕਰਣ ਪ੍ਰਕ੍ਰਿਆ ਅਤੇ ਪਹਿਲੂ ਫਾਰਮੂਲੇ ਤੋਂ ਵਾਕਿਫ ਹੋ ਜਾਵੋਗੇ ;
* ਦਿੱਤੇ ਸਿਰਲੇਖਾਂ ਦੇ ਵਰਗ ਅੰਕ ਬਣਾਉਣ ਲਗ ਪਵੋਗੇ ; ਅਤੇ
* ਆਪਣੇ ਦੁਆਰਾ ਤਿਆਰ ਕੀਤੇ ਵਰਗ ਅੰਕਾਂ ਨੂੰ ਦਿੱਤੇ ਵਰਗ ਅੰਕਾਂ ਨਾਲ ਮਿਲਾ ਕੇ ਗਲਤ ਜਾਂ ਠੀਕ ਦੀ ਪਛਾਣ ਕਰ ਸਕੋਗੇ।

## L ਚਕਿਤਸਾ ਵਿਗਿਆਨ (MEDICINE)

### ਪਹਿਲੂ ਫਾਰਮੂਲਾ : L[P] : [E] [2P] : [2E] [3P]

ਇਸ ਮੁੱਖ ਵਰਗ ਵਿਚ ਮਨੁੱਖੀ ਸਰੀਰ ਦੀ ਰਚਨਾ ਪ੍ਰਕ੍ਰਿਆ ਅਤੇ ਮਨੁੱਖੀ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਨਾਲ ਸੰਬੰਧਤ ਇਕੱਲਾਂ ਨੂੰ ਸੰਮਿਲਿਤ ਕੀਤਾ ਗਿਆ ਹੈ।

ਇਸਦੀ ਅਨੁਸੂਚੀ ਦੇ ਅੰਤ ਵਿਚ ਪ੍ਰਣਾਲੀਆਂ (Systems) ਅਤੇ ਵਿਸ਼ੇਸ਼ (Specials) ਦਿੱਤੇ ਗਏ ਹਨ। ਇਸ ਅਨੁਸੂਚੀ ਦੇ [P] ਪਹਿਲੂ ਦੇ ਵਿਚਾਰਾਂ ਨੂੰ ਅਧਿਆਰੋਪਣ ਜੁਗਤ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ।

ਇਸਦੇ ਪਹਿਲੂ ਫਾਰਮੂਲੇ ਵਿਚ :

| | |
|---|---|
| [P] | ਵਿਚ ਸਰੀਰ ਦੇ ਅੰਗ ਬਿਆਨੇ ਗਏ ਹਨ ; |
| [E]cum[2P] | ਮਨੁੱਖੀ ਸ਼ਰੀਰ ਦੀਆਂ ਦਿੱਕਤਾਂ, ਢਾਂਚਾ ਅਤੇ ਮਨੁੱਖੀ ਸਰੀਰ ਦੀਆਂ ਬਿਮਾਰੀਆਂ ਦੀ ਵਜ੍ਹਾ ਆਦਿ ਦਿੱਤੇ ਗਏ ਹਨ ; |
| [2E]cum[3P] | ਇਸ ਵਿਚ ਬਿਮਾਰੀਆਂ ਦੀ ਰੋਕਥਾਮ ਅਤੇ ਬਿਮਾਰੀਆਂ ਦੇ ਇਲਾਜ ਬਾਰੇ ਇਕੱਲ ਹਨ। |

ਮਨੁੱਖੀ ਸਰੀਰ-ਵਿਗਿਆਨ ਲਈ [2M], ਅਤੇ ਇਲਾਜ ਲਈ ਵਰਤੇ ਜਾਂਦੇ ਉਪਕਰਣਾਂ ਲਈ [3M] ਦਾ ਉਪਬੰਧ ਕੀਤਾ ਗਿਆ ਹੈ, ਅਤੇ ਇਨ੍ਹਾਂ ਦੋਹਾਂ ਲਈ ਇਕੱਲਾਂ ਰਸਾਇਣ ਵਿਗਿਆਨ ਦੀ [P] ਵਿਚੋਂ ਲਈਆਂ ਜਾਂਦੀਆਂ ਹਨ।

ਚਕਿਤਸਾ ਵਿਗਿਆਨ ਅਨੁਸੂਚੀ ਦੀ ਵਿਅਕਤਿੱਤਵ ਸ਼੍ਰੇਣੀ ਦੇ 1 ਅਤੇ ਇਸਦੇ ਉਪਭਾਗ ਸਰੀਰ ਦੇ ਅੰਗਾਂ ਨੂੰ ਚਿਤ੍ਰਿਤ ਕਰਦੇ ਹਨ, ਜਿਹੜੇ ਕਿ ਜੀਵ ਆਕ੍ਰਿਤੀ ਵਿਗਿਆਨ ਤੇ ਆਧਾਰਤ ਹਨ, ਅਤੇ 2 ਤੋਂ 8 ਤੱਕ ਦੇ ਸਾਰੇ ਇਕੱਲ ਸਰੀਰ ਰਚਨਾ ਨਾਲ ਸੰਬੰਧਤ ਕਿਰਿਆਸ਼ੀਲ ਅੰਗਾਂ ਨੂੰ ਵਿਅਕਤ ਕਰਦੇ ਹਨ। ਜੇਕਰ ਕਿਸੇ ਵਰਗ ਅੰਕ ਵਿਚ ਆਕ੍ਰਿਤੀ ਵਿਗਿਆਨ ਅਤੇ ਸਰੀਰ ਰਚਨਾ ਵਿਗਿਆਨ ਦੋਹਾਂ ਦੇ ਇਕੱਲ ਇਕੋ ਸਮੇਂ ਵਰਤਣੇ ਪੈ ਜਾਣ ਤਾਂ ਇਨ੍ਹਾਂ ਦੋਹਾਂ ਦੇ ਇਕੱਲ ਅਧਿਆਰੋਪਣ ਜੁਗਤ (SID) ਨਾਲ ਜੋੜੇ ਜਾ ਸਕਦੇ ਹਨ (ਨਿਯਮ – L113 ਪੰਨਾ 1.88)। ਕੁੱਝ ਉਦਾਹਰਣਾਂ ਦਾ ਅਧਿਐਨ ਕਰੋ :

Veins of Leg

L134-36

Head Hair

L18-881

Wrist bone

L166-82

Eye Muscles

L185-83

Facial Skin

L181-87

Human Metabolism

L: 33

Sulphur Anabolism on Human Skin

L87: 331; 161

Effects of Fasting during Pregnancy

L9F: 31: 94

Functional disorder in Eye Tissues

L12-185: 45

Curing structural disorders in skin cells by Magnetic Therapy

L11-87: 47: 627

Human Pathology

L: 4: 4

4 [E] Disease is implied when we talk of Pathology, which occurs in [2E].

(Human) Electrotherapy

L: 4: 626

Injecting Calcium in the Foetus with bone diseases

L9B, 82: 4: 616; 122

(ਇਥੇ Calcium [3M] ਵਜੋਂ ਆਉਂਦਾ ਹੈ, ਅਤੇ ਇਸਨੂੰ E ਰਸਾਇਣ ਵਿਗਿਆਨ ਦੀ [P] ਵਿਚੋਂ ਲਿਆ ਗਿਆ ਹੈ।)

X-ray diagnosis of home fracture

L82: 477 : 3253

Preventing Nutrition Deficiency in children by Diet Regulations

L9C: 461 : 642

Blood Analysis by Raman Spectra

L35: (E : 3, E7)

National Malaria Eradication Programme (NMEP, India)

L: 54261.44

ਇਹ ਪਬਲਿਕ ਹੈਲਥ ਦਾ ਵਿਸ਼ਾ ਹੈ। L:54 ਮਹਾਮਾਰੀ ਰੋਕਣ ਲਈ ਵਰਤਿਆ ਜਾਂਦਾ ਹੈ। ਹਦਾਇਤਾਂ ਅਨੁਸਾਰ L:54 ਨੂੰ ਅੱਗੋਂ L:4 ਵਾਂਗ ਵੰਡਿਆ ਗਿਆ ਹੈ। ਪਰ ਇਹ ਸਪਸ਼ਟ ਨਹੀਂ ਹੈ ਕਿ ਵਰਗ ਅੰਕ L:54261.44f ਜ਼ਰੂਰੀ ਹੈ, ਕਿਉਂਕਿ

ਮਲੇਰੀਏ ਦਾ ਵਰਗ ਅੰਕ L35:4261 ਦਿੱਤਾ ਗਿਆ ਹੈ।

State Control of Edible Oil

L : 523943

(ਆਖਰੀ ਤਿੰਨ ਪਦ ਤਕਨਾਲੋਜੀ ਤੋਂ ਲਏ ਗਏ ਹਨ, ਜਿਵੇਂ ਕਿ L : 523 ਲਿਖਿਆ ਗਿਆ ਹੈ)

State Control of Pet Dogs

L : 522541

ਇਹ ਯਾਦ ਰੱਖਣਾ ਚਾਹੀਦਾ* ਹੈ ਕਿ ਜਦੋਂ ਕਿਸੇ ਮੁੱਖ ਵਰਗ ਦਾ ਪਦ ਪ੍ਰਣਾਲੀ ਪਹਿਲੂ ਜਾਂ ਵਿਸ਼ੇਸ਼ ਪਹਿਲੂ ਨਾਲ ਵਧਾਇਆ ਜਾਂਦਾ ਹੈ ਤਾਂ [P] ਤੋਂ ਪਹਿਲਾਂ (,) ਚਿੰਨ੍ਹ ਵਰਤਿਆ ਜਾਂਦਾ ਹੈ। ਪ੍ਰਣਾਲੀ ਅਤੇ ਵਿਸ਼ੇਸ਼ ਪਹਿਲੂ ਦਰਮਿਆਨ ਵੀ (,) ਲਗਾਇਆ ਜਾਂਦਾ ਹੈ, ਜੇਕਰ ਇਹ ਇਕੱਠੇ ਹੋਣ।

Treating Eye Diseases in Children

L9C, 185 : 4 : 6

Homeopathic Treatment of the Eye Diseases of Children

LL, 9C, 185: 4 : 6

Osteopathy System

LM7

Public hygiene during war times by Ayurvedic Methods

LB,9V : 55

* ***ਜ਼ਰੂਰੀ :*** ਅਧਿਆਰੋਪਣ ਜੁਗਤ ਆਮ ਤੌਰ ਤੇ ਪਹਿਲੀ ਪੱਧਰ ਦੇ [P] ਇਕੱਲਾਂ ਵਿਚ ਹੀ ਲਗਾਈ ਜਾਂਦੀ ਹੈ। ਇਸ ਲਈ ਹੇਠ ਲਿਖੇ ਦੋ ਵਰਗ ਅੰਕਾਂ ਦੀ ਹੋਂਦ ਬਾਰੇ ਸ਼ੱਕ ਜ਼ਾਹਰ ਕੀਤਾ ਜਾਂਦਾ ਹੈ।

Tropical Female Lungs Surgery

L9F-9H, 45 : 4 : 7

Homeopathic Treatment of Eye Diseases of old persons during War.

LL, 9E-9V, 185 : 4 : 6

Bibliography of Dental Surgery (1967)

L214 : 4 : 7aN7

Bibliography of Female Diseases (1995)

L9F : 4aN9

In case of a bibliography [T] should cover the (LED) only.

British Encyclopaedia of Public Health (1967)

L : 5k56, N6

All Indian Conference on Pediatrics (1977)

L9Cp44, N77

Directory of Dental Surgeons in India (started in 1975)

L214 : 4 : 7n44, N7

Medica Excerpta

Lam73, N

American Journal of Kidney Diseases (1981+)

L51 : 4m73, N81

Indian Journal of Homeopathic Medicine (1947)
LLm44, N4
Indian Journal of Public Health (1956)
L : 5m44, N5
Medicine Tropical (Spain, 1924+)
L9Hm541, N2
American Journal of Cardiology (1958+)
L32m73, N5
Indian Council of Medical Research
L.44, f, 9N
Report of the Cancer Research Institute (Bombay)
L : 4725.44.B, f, Cr
Maulana Azad Medical College, Delhi
L.4481, e4. M
Duties of the Principal of the Christian Medical College (Ludhiana)
L4443, e4, C, 1 : 3
Lives of British Great Doctors (Youngest born in 1836)
Lw56, M3
[$P_2$] should cover the (LED); (See Rule 21w5 page 1.47)
A Comparative Study of Radiotherapy and Thermotherapy
L : 42 : 50j6
Anatomical Relation between Nose and Throat
L1770j41 : 1
Functional Relations between Ear and Throat
L177 ot83 : 3
Folk Medicine
Y: 3(L)

**J ਖੇਤੀਬਾੜੀ (AGRICULTURE)**

**ਪਹਿਲੂ ਫਾਰਮੂਲਾ : J[P] : [E] [2P] : [2E] [3P]**

ਗਣਿਤ ਵਾਂਗ J ਖੇਤੀਬਾੜੀ ਦੀ ਅਨੁਸੂਚੀ ਰੰਗਾਨਾਥਨ ਦੀ ਡੂੰਘੀ ਸੋਚ ਦਾ ਨਮੂਨਾ ਪੇਸ਼ ਕਰਦੀ ਜਾਪਦੀ ਹੈ। ਭਾਵੇਂ ਇਕੱਲ ਘੱਟ ਦਿੱਤੇ ਗਏ ਹਨ, ਪਰ ਕਾਰਗਰ ਜਾਪਦੇ ਹਨ। ਅਜਿਹਾ ਗਰੁੱਪ ਸੰਕੇਤਨ ਦੀ ਵਰਤੋਂ ਕਰਕੇ ਸੰਭਵ ਹੋਇਆ ਹੈ, ਜਿਹੜੀ ਕਿ ਇਕੱਲਾਂ ਨੂੰ ਅੱਗੇ ਫੈਲਾਉਣ ਲਈ ਵਰਤੀ ਗਈ ਹੈ। ਇਸ ਅਨੁਸਾਰ [P] ਦੇ ਇਕੱਲ ਘੱਟ ਤੋਂ ਘੱਟ ਤਿੰਨ ਪਦਾਂ ਵਾਲੇ ਬਣ ਗਏ ਹਨ। ਇਹ ਹੇਠ ਲਿਖੇ ਅਨੁਸਾਰ ਹੈ :

(1) ਵਿਅਕਤਿੱਤਵ ਇਕੱਲ ਦੀ ਪਹਿਲੀ ਪੰਗਤੀ ਵਿਚ ਪੌਦੇ ਦੀ ਉਪਯੋਗਤਾ ਪੰਗਤੀ ਦੇ ਇਕੱਲ ਦਿੱਤੇ ਹਨ। ਉਪਯੋਗਤਾ ਤੋਂ ਭਾਵ ਹੈ ਕਿ ਉਪਜ ਕਿਸ ਉੱਦੇਸ਼ ਲਈ ਵਰਤੀ ਗਈ ਹੈ – ਜਿਵੇਂ ਕਿ ਭੋਜਨ, ਨਸ਼ੀਲੀ ਵਸਤੂ ਜਾਂ ਸਜਾਵਟ, ਆਦਿ।

(2) ਦੂਜਾ ਪਦ ਹਿੱਸੇ ਦੀ ਪੰਗਤੀ ਤੋਂ ਲਿਆ ਜਾਂਦਾ ਹੈ। ਹਿੱਸਾ (Part) ਪੰਗਤੀ ਵਿਚ ਪੌਦਿਆਂ ਦੀ ਰਚਨਾ ਪ੍ਰਕ੍ਰਿਆ ਦੇ ਭਾਗ ਸੂਚੀਬੱਧ ਕੀਤੇ ਜਾਂਦੇ ਹਨ। ਇਹ ਪਦ ਪੌਦੇ ਦੇ ਉਪਯੋਗ ਕੀਤੇ ਹਿੱਸੇ ਬਾਰੇ ਜਾਣਕਾਰੀ

ਦਿੰਦਾ ਹੈ; ਜਿਵੇਂ ਕਿ ਫਲ, ਫੁੱਲ, ਤਨਾ, ਪੱਤਾ, ਜੜ ਜਾਂ ਉਪਯੋਗਤਾ ਪੰਗਤੀ ਵਿਚ ਲਿਖਿਤ ਉੱਦੇਸ਼ਾਂ ਵਿਚੋਂ ਕਿਸੇ ਇਕ ਉੱਦੇਸ਼ ਦੀ ਪੂਰਤੀ ਲਈ ਪੂਰੇ ਪੌਦੇ ਦੀ ਵਰਤੋਂ ਬਾਰੇ ਜਾਣਕਾਰੀ ਦਿੰਦਾ ਹੈ।

(3) ਵਿਅਕਤਿੱਤਵ ਇਕੱਲ ਦਾ ਤੀਜਾ ਪਦ ਹਰਮਨਪਿਆਰਤਾ ਜਾਂ ਪੱਖਦਾਰੀ ਦੇ ਆਧਾਰ ਤੇ ਦਿੱਤਾ ਜਾਂਦਾ ਹੈ। ਸਭ ਤੋਂ ਵੱਧ ਹਰਮਨਪਿਆਰੀ ਵਸਤੂ ਨੂੰ ਪਹਿਲੀ ਥਾਂ ਜਾਂ 1 ਪਦ ਨਾਲ ਨਿਵਾਜਿਆ ਜਾਂਦਾ ਹੈ। ਇਸ ਤਰ੍ਹਾਂ ਵਸਤੂਆਂ ਦੀ ਹਰਮਨਪਿਆਰਤਾ ਦੇ ਘਟਦੇ ਕ੍ਰਮ ਵਿਚ 2,3,4 ਆਦਿ ਥਾਂ ਦਿੱਤਾ ਜਾ ਸਕਦਾ ਹੈ। ਉਪਰ ਬਿਆਨ ਕੀਤੇ ਪਦ ਹਰਮਨਪਿਆਰਤਾ ਜਾਂ ਪੱਖਦਾਰੀ ਸ਼੍ਰੇਣੀ ਜੁਗਤ ਨਾਲ ਤਿਆਰ ਕਰਕੇ, ਇਹਨੂੰ ਉਪਯੋਗਤਾ ਪੰਗਤੀ ਅਤੇ ਹਿੱਸੇ ਦੀ ਪੰਗਤੀ ਦੇ ਇਕੱਲਾਂ ਨੂੰ ਜੋੜਨ ਉਪਰੰਤ, ਤੀਜੇ ਪਦ ਵਜੋਂ ਜੋੜੇ ਜਾਂਦੇ ਹਨ।

**ਉਦਾਹਰਣ :**

ਆਓ ਹੁਣ 'ਚਾਵਲ' ਦੀ ਉਦਾਹਰਣ ਲੈ ਕੇ ਉਪਰ ਦੱਸੀ ਗੱਲ ਨੂੰ ਸਮਝਣ ਦਾ ਯਤਨ ਕਰੀਏ। ਚਾਵਲ ਦਾ ਇਕੱਲ ਅੰਕ ਵਿਅਕਤਿੱਤਵ ਸ਼੍ਰੇਣੀ ਵਿਚ 381 ਹੈ। ਚਾਵਲ ਇਕ ਅਜਿਹਾ ਪੌਦਾ ਹੈ ਜਿਸਦਾ ਬੀਜ ਮਨੁੱਖੀ ਭੋਜਨ ਵਜੋਂ ਖਾਧਾ ਜਾਂਦਾ ਹੈ। ਇਹ ਦੁਨੀਆ ਵਿਚ ਖਾਣ ਲਈ ਸਭ ਤੋਂ ਵੱਧ ਹਰਮਨਪਿਆਰਾ ਹੈ। ਇਸ ਲਈ ਇਕੱਲ ਅੰਕ 381 ਨੂੰ ਹੇਠ ਲਿਖੇ ਅਨੁਸਾਰ ਵਿਸ਼ਲੇਸ਼ਿਤ ਕੀਤਾ ਜਾ ਸਕਦਾ ਹੈ :

| | | |
|---|---|---|
| 3 | = | ਭੋਜਨ (ਉਪਯੋਗਤਾ ਪੰਗਤੀ ਵਿਚੋਂ) |
| 8 | = | ਬੀਜ (ਹਿੱਸਾ ਪੰਗਤੀ ਵਿਚੋਂ) |
| 1 | = | ਸਭ ਤੋਂ ਵੱਧ ਹਰਮਨਪਿਆਰਾ ਬੀਜ ਵਾਲਾ ਭੋਜਨ |

ਇਸੇ ਤਰ੍ਹਾਂ ਕਣਕ ਲਈ 382 ਇਕੱਲ ਅੰਕ ਹੈ। ਇਹ ਦੁਨੀਆਭਰ ਵਿਚ ਚਾਵਲ ਤੋਂ ਬਾਅਦ ਖਾਣ ਹਿੱਤ ਦੂਜੇ ਨੰਬਰ ਤੇ ਵਰਤਿਆ ਜਾਂਦਾ ਹੈ।

ਆਓ ਹੁਣ ਇਕ ਹੋਰ ਉਦਾਹਰਣ ਤਮਾਕੂ ਦੀ ਲੈਂਦੇ ਹਾਂ। ਇਸਦਾ ਇਕੱਲ ਅੰਕ 452 ਹੈ। ਤਮਾਖੂ ਉੱਤੇਜਿਤ ਕਰਨ ਵਾਲੀ ਉਪਯੋਗੀ ਵਸਤੂ ਹੈ। ਇਸਦੇ ਪੱਤੇ (ਹਿੱਸਾ) ਚਾਹ ਤੋਂ ਬਾਅਦ ਇਸ ਉੱਦੇਸ਼ ਲਈ ਵਰਤੇ ਜਾਂਦੇ ਹਨ। ਸੋ 452 ਇਕੱਲ ਅੰਕ ਦੀ ਵਿਆਖਿਆ ਇੰਝ ਹੋਵੇਗੀ :

| | | |
|---|---|---|
| 4 | = | ਉੱਤੇਜਕ (ਉਪਯੋਗ ਪੰਗਤੀ ਵਿਚੋਂ) |
| 5 | = | ਪੱਤੇ (ਹਿੱਸਾ ਪੰਗਤੀ ਵਿਚੋਂ) |
| 2 | = | ਦੂਜੇ ਦਰਜੇ ਦੇ ਹਰਮਨਪਿਆਰੇ ਉੱਤੇਜਕ ਪੱਤੇ |

ਕਿਉਂਕਿ ਖੇਤੀਬਾੜੀ ਦੀ ਵਿਅਕਤਿੱਤਵ ਸ਼੍ਰੇਣੀ ਵਿਚ ਲਗਭਗ ਸਾਰੇ ਇਕੱਲ ਲਿਸਟ ਕੀਤੇ ਗਏ ਹਨ, ਇਸ ਲਈ ਗਰੁੱਪ ਸੰਕੇਤਨ ਜੁਗਤ ਦੁਆਰਾ ਬਣਾਏ ਇਕੱਲ ਹੀ ਇਸ ਲਿਸਟਿੰਗ ਦੇ ਪਿਛੇ ਛੁਪੇ ਸੰਕਲਪ ਦੀ ਵਿਆਖਿਆ ਕਰ ਸਕਦੇ ਹਨ। ਫਿਰ ਵੀ ਜੇਕਰ ਜ਼ਰੂਰੀ ਹੋਵੇ ਇਸੇ ਪ੍ਰਕਾਰ ਹੋਰ ਨਵੇਂ ਇਕੱਲੇ ਅੰਕ ਤਿਆਰ ਕੀਤੇ ਜਾ ਸਕਦੇ ਹਨ। ਉਦਾਹਰਣ ਲਈ ਪਪਾਈਰਸ ਦਾ ਬੂਟਾ ਲਿਆ ਜਾ ਸਕਦਾ ਹੈ। ਇਹ ਇਕ ਰੇਸ਼ੇਦਾਰ ਪੌਦਾ ਹੁੰਦਾ ਸੀ ਜਿਸਨੂੰ ਕਾਗਜ਼ ਬਣਾਉਣ ਲਈ ਵਰਤਿਆ ਜਾਂਦਾ ਸੀ। ਇਸਦਾ ਇਕੱਲ ਅੰਕ 7492 ਹੋ ਸਕਦਾ ਹੈ। ਇਸ ਵਿਚ 92 ਹਰਮਨਪਿਆਰਤਾ ਜੁਗਤ ਅਨੁਸਾਰ ਸਭ ਤੋਂ ਘੱਟ ਹਰਮਨਪਿਆਰਾ ਪਦ ਹੈ।

ਖੇਤੀਬਾੜੀ ਦੇ ਪਹਿਲੂ ਫਾਰਮੂਲੇ ਵਿਚ :

| | |
|---|---|
| [P] | ਖੇਤੀ ਉਪਜ ਹੈ। |
| [E][2P] | ਖੇਤੀਬਾੜੀ ਦੇ ਢੰਗ, ਤਰਕੀਬ ਅਤੇ ਸਮੱਸਿਆਵਾਂ ਆਦਿ। |
| [2E][3P] | ਅਗਲੇਰੀਆਂ ਸਮੱਸਿਆਵਾਂ |

ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਜਦੋਂ ਤੱਕ [E][2P] ਇਕੱਲ ਹਾਜ਼ਰ ਨਹੀਂ ਹੁੰਦਾ, ਅਗਲੇਰੀ ਸਮੱਸਿਆ ਅਰਥਾਤ [2E][3P] ਇਕੱਲ ਨਹੀਂ ਆ ਸਕਦੇ, ਜਿਵੇਂ : "Agricultural Storage" । ਜਦੋਂ ਤੱਕ 'ਕਟਾਈ' ਨਾ ਕੀਤੀ ਜਾਵੇ ਸਟੋਰੇਜ ਨਹੀਂ ਹੋ ਸਕਦੀ। ਇਸ ਲਈ 7 Harvesting [E][2P] ਵਿਚੋਂ ਲਗਾਉਣਾ ਪਵੇਗਾ P : [Agriculture]: [Harvesting] : [Storage]

J : 7 : 8 ਜਾਂ J : 7 : 8

ਇਹ ਕੰਧ-ਚਿਤ੍ਰ ਨਿਯਮ ਦੀ ਉਦਾਹਰਣ ਹੈ। ਦੀਵਾਰ ਤੋਂ ਬਗੈਰ ਚਿੱਤਰ ਨਹੀਂ ਬਣ ਸਕਦਾ ਅਤੇ ਕਟਾਈ ਤੋਂ ਬਿਨਾ ਫਸਲ ਦੀ ਸਟੋਰੇਜ ਨਹੀਂ ਹੋ ਸਕਦੀ।

ਇਸੇ ਤਰ੍ਹਾਂ **"ਆਲੂਆਂ ਦੀ ਕੋਲਡ ਸਟੋਰੇਜ"**

J341 : 7 : 84

ਇਸ ਅਨੁਸੂਚੀ ਵਿਚ ਇਕ ਹੋਰ ਵਿਸ਼ੇਸ਼ਤਾ [E] ਅਤੇ [2P] ਦੀਆਂ ਇਕੱਲਾਂ ਅੱਡ-ਅੱਡ ਅਨੁਸੂਚਿਤ ਕੀਤੀਆਂ ਗਈਆਂ ਹਨ, ਜਦੋਂ ਕਿ ਬਹੁਤੀਆਂ ਵਿਸ਼ਾ ਅਨੁਸੂਚੀਆਂ ਵਿਚ ਅਜਿਹਾ ਨਹੀਂ ਹੈ। ਇਸ ਵਿਚ [E] ਅਤੇ [2P] ਦੇ ਇਕੱਲਾਂ ਵਿਚ ਇਕ ਦੂਜੇ ਤੋਂ ਵਿੱਥ ਰੱਖੀ ਗਈ ਹੈ। [E] ਦੇ ਹਰ ਇਕ ਇਕੱਲ ਲਈ ਅੱਡ [2P] ਮਿਲਦੀ ਹੈ। ਪਰ ਆਮ ਵਾਂਗ [E] ਅਤੇ [2P] ਵਿਚ (,) ਚਿੰਨ੍ਹ ਲਗਾਉਣ ਦੀ ਲੋੜ ਨਹੀਂ ਹੈ। ਹੋਰ ਅੱਗੇ ਚਲ ਕੇ ਅਸੀਂ ਵੇਖਦੇ ਹਾਂ ਕਿ [2E] ਲਈ [3P] ਇਕੱਲਾਂ ਦਾ ਸੈਟ ਦਿੱਤਾ ਗਿਆ ਹੈ। ਇਹ ਵੀ ਅੱਡ-ਅੱਡ ਪਹਿਲੂਆਂ ਦੀ ਇਕ ਹੋਰ ਮਿਸਾਲ ਹੈ।

Soil Conservation

Soil is 1 in [E] and conservation is 7 in [2P] of 1[E]. So the class number is :

J : 17

Nitrogenous Manure for Pulses

J388 : 241

Pulse ਲਈ [P] ਵਿਚ 388 ਇਕੱਲ ਹੈ। Manure ਲਈ [E] ਵਿਚ 2 ਅਤੇ Nitrogenous Manure ਲਈ 2 Manure in E ਦੀ [2P] ਵਿਚ 41 ਹੈ।

Collection of Green Manure for Barley

J386 : 21 : 2

Infectious Diseases of Apple

J371 : 42

(4[E] ਬਿਮਾਰੀ ਨੂੰ L Medicine ਦੀ [2P] ਨਾਲ ਵਧਾਇਆ ਗਿਆ ਹੈ।)

Treatment of Virus Diseases of Rice

J381 : 423 : 6

ਜੇਕਰ [$P_2$] ਅਰਥਾਤ ਪੌਦੇ ਦਾ ਭਾਗ ਵੀ ਹਾਜ਼ਰ ਹੈ ਤਾਂ ਇਸਦਾ ਇਕੱਲ ਅੰਕ I Botany ਦੇ [$P_2$] ਅੰਕ ਵਾਲਾ ਹੀ ਲਿਆ ਗਿਆ ਹੈ।

Roots of Potato Plants

J341, 13

Structural Diseases of Tissues in Fruit Plants

J37, 12 : 47

Varieties of an agricultural produce may be individualized by (AD):

J381B Basmati Rice

J381P Parmal Rice

Stem Diseases of Mexican wheat plants in Punjab

J382M, 14 : 4. 443

[E] ਦੀ 3 ਅਤੇ 7 ਲਈ [2P] ਇਕੱਲ [P] ਦੀ ਹਿੱਸਾ ਪੰਗਤੀ ਵਾਲੇ ਹੀ ਹਨ। ਇਹ [2P] ਇਕੱਲ ਬਣਾਉਣ ਲਈ ਪੰਨਾ 2.66 ਤੇ ਦਿੱਤੀਆਂ ਵਾਂਗ ਹੈ। ਹੇਠ ਲਿਖੀਆਂ ਉਦਾਹਰਣਾਂ ਇਹ ਗੱਲ ਸਪਸ਼ਟ ਕਰਨਗੀਆਂ।

Storage of Onion Seeds
J321 : 78 : 8

ਇਥੇ [E] ਦੀ 7 ਨੂੰ 2P ਦੀ 8 ਨਾਲ ਵਧਾਇਆ ਗਿਆ ਹੈ। ਪਦ 8 [P] ਦੀ ਹਿੱਸਾ ਪੰਗਤੀ ਤੋਂ ਲਿਆ ਗਿਆ ਹੈ। (ਪੰਨਾ 2.64)

ਇਸੇ ਤਰ੍ਹਾਂ,

Propagation of Rose Stems
J561 : 34
Recovering Groundnut Seeds
J581 : 78 : 2
Transplanting Rose Stems
J561 : 34 : 5
Transplanting Rice Plants
J381 : 397 : 5
Organic Manure for Forests
JB : 25
Dry Forestry for Fruits
JB, 9D, 37
Agriculture of Papyrus in the Nile Valley in 500 BC
J7492.6.g1N 'C499
C 'Wealth Agricultural Bureaux
J.1N48, f, 9N29
International Institute of Tropical Agriculture (1968)
J9H. 1, d, 9N68
Report of the International Society for Soil Scientist (1924)
J : 1.1, g, 9N24r
Director of the US Department of Agriculture
J.73, w, 9M, 1
Journal of Soil Sciences (UK, 1949+)
J : 1 m56, N4
*Khad Patrika* (1960+)
J : 2m44, N6
Potato Abstracts (UK)
J341am56, N
Punjab Agriculture University (Ludhiana)
J.4443, e4, P

ਭਾਵੇਂ ਇਹ ਖੁਲ ਕੇ ਨਹੀਂ ਆਖਿਆ ਗਿਆ, ਪਰ J:93 ਨਾਲ [2M] ਜੋੜਿਆ ਜਾ ਸਕਦਾ ਹੈ। [2M] ਦੇ ਇਕੱਲ E ਰਸਾਇਣ ਵਿਗਿਆਨ ਦੇ [P] ਇਕੱਲਾਂ ਤੋਂ ਲਏ ਗਏ ਹਨ :

Effect of Ammonia in the Physiology of Pulse Plants

J388: 93; 1129

Iron Metabolism in Apple Plants

J371: 93; 182

Central Potato Research Institute (Shimla, 1935)

J341.44, f, 9N3

**KZ ਪਸ਼ੂ ਪਾਲਣ (ANIMAL HUSBANDRY)**

**ਪਹਿਲੂ ਫਾਰਮੂਲਾ : KZ[P] : [E] [2P] : [2E] [3P]**

ਆਰਥਿਕ ਲਾਭ, ਸ਼ੌਕ ਜਾਂ ਸਜਾਵਟ ਆਦਿ ਲਈ ਪਸ਼ੂਆਂ ਨੂੰ ਘਰ ਵਿਚ ਪਾਲਣ ਦੇ ਵਿਗਿਆਨ ਨੂੰ ਪਸ਼ੂ ਪਾਲਣ ਵਿਗਿਆਨ ਆਖਿਆ ਜਾਂਦਾ ਹੈ।

ਇਸਦੇ ਪਹਿਲੂ ਫਾਰਮੂਲੇ ਵਿਚ [P] ਤੋਂ ਭਾਵ ਪਾਲਤੂ ਜਾਨਵਰ ਦੀ ਕਿਸਮ ਹੈ, ਅਤੇ [E][2P] ਇਨ੍ਹਾਂ ਜੀਵਾਂ ਦੀ ਜੀਵਨ ਕਿਰਿਆ ਅਤੇ ਸਮੱਸਿਆਵਾਂ ਹਨ। [2E]cum[3P] ਦਾ ਭਾਵ ਅਗਲੇਰੀਆਂ ਸਮੱਸਿਆਵਾਂ ਤੋਂ ਹੈ। ਇਸ ਵਿਚ [$P_2$] ਅਤੇ [2M] ਦੀ ਵੀ ਲੋੜ ਪੈ ਸਕਦੀ ਹੈ। ਲੋੜ ਪੈਣ ਤੇ [$P_2$] (ਔਸ਼ਧੀ ਵਿਗਿਆਨ ਤੋਂ ਲੈਣਾ ਹੈ ਅਤੇ [2M] ਜੀਵ ਵਿਗਿਆਨ ਤੋਂ ਲੈਣਾ ਹੈ।

ਹਰ ਇਕ [E] ਦਾ ਵੱਖਰਾ [2P] ਹੈ ਜਿਸ ਤਰ੍ਹਾਂ ਕਿ ਖੇਤੀਬਾੜੀ ਵਿਚ ਸੀ। KZ:7 ਦੀ [2E]cum[3P] ਦੇ ਇਕੱਲੇ ਵਿਚਾਰ J:7 Agricultural Harvesting ਦੀ [2E][3P] ਵਾਲੇ ਹੀ ਹਨ।

ਇਥੇ ਇਹ ਯਾਦ ਕੀਤਾ ਜਾਵੇ ਕਿ KZ:3 ਦੇ ਕੇਸ ਵਿਚ [2M] ਦੀ ਲੋੜ ਪੈ ਸਕਦੀ ਹੈ, ਜਿਸਦੇ ਇਕੱਲੇ ਵਿਚਾਰ E Chemistry ਵਾਲੇ ਹੀ ਹਨ। ਕੁੱਲ ਮਿਲਾ ਕੇ ਪਹਿਲੂ ਫਾਰਮੂਲਾ ਇਹ ਬਣਦਾ ਹੈ :

KZ[P], [$P_2$] : [E] [2P] : [2M] : [2E] [3P]

**ਉਦਾਹਰਣਾਂ :**

Fish Breeding

KZ332 : 6

Horse Feeding

KZ442 : 1

Corn Feeding to Horses

KZ442 : 1 (J385)

(ਇਥੇ [2P] ਦੀ J385 ਹਦਾਇਤ ਅਨੁਸਾਰ ਵਿਸ਼ਾ ਜੁਗਤ (SD) ਨਾਲ ਲਈ ਗਈ ਹੈ।)

Administering Corn Feed to Horses

KZ442: 1(J385) : 7

Storing of Starch Feed for Dogs

KZ541: 1(E6892) : 8

Treatment of Fever in Domestic Pigs

KZ334 : 414 : 6

Lungs Diseases of Traction Animals

KZ4, 45 : 4

Administering salt injections to cure Infectious Disease in Poultry

KZ351 : 42 : 616 ; 4

ਇਥੇ 4 ਨੂੰ [3M] ਵਜੋਂ E Chemistry ਦੀ ਵਿਅਕਤਿੱਤਵ ਸ਼੍ਰੇਣੀ ਵਿਚੋਂ ਲਿਆ ਗਿਆ ਹੈ। (ਇਸ ਨਾਲ ਮਿਲਦੀ

ਉਦਾਹਰਣ ਸੀ. ਸੀ. 6 ਦੇ 1.27 ਪੰਨੇ ਤੇ ਵੇਖੋ)

Immunising Dogs against Bone Cancer

KZ541, 82 : 4725 : 56

Water Fasting by Camels in Deserts

KZ446 : 345.1.d

Physiology of Nitrogen in Pets

KZ5 : 3 ; 150

Cow's Milk

KZ311 : 71

KZ : 7 ਦੇ [2P] ਇਕੱਲ ਅਨੋਖਾ ਕੇਸ ਹੈ। ਇਹ 7[E] ਲਈ ਹੀ ਵਿਸ਼ੇਸ਼ ਨਹੀਂ ਬਲਕਿ ਵਿਅਕਤਿੱਤਵ [P] ਸ਼੍ਰੇਣੀ ਦੇ ਨਾਲ [2P] ਇਕੱਲ ਬਦਲਦੇ ਹਨ।

KZ31 : 7 and KZ35 : 7 ਦੋਹਾਂ ਦੀਆਂ [2P] ਅੱਡ ਹਨ।

Cow's buttermilk

KZ311 : 75

Eggs of Hens

KZ351 : 75

Cold Storage of Buffalo Cheese

KZ312 : 78 : 84

Uses of Eggs

KZ351 : 75 : 97

Difference between the Eggs of Hens and Ducks

KZ3510w2:75

Diseases of Leg Muscles of Bulls

KZ441, 134-83 : 4

(ਇਹ ਇਕ ਸ਼ੱਕ ਵਾਲਾ ਕੇਸ ਜਾਪਦਾ ਹੈ ਕਿਉਂਕਿ ਅਧਿਆਰੋਪਣ ਜੁਗਤ [$P_1$] ਤੋਂ ਇਲਾਵਾ ਹੋਰ ਕਿਤੇ ਨਹੀਂ ਲਗਦੀ।)

British Poultry Science (1960+) : A Journal

KZ35m56, N6

British Goat Society 1879

KZ313.56, g, 9M

Department of Animal Husbandry (Punjab Government)

KZ.4443, w, 9N

International Dairy Federation (Belgium, 1905)

KZ31. 1, g, 9N

Directory of Veterinary Surgeons in Punjab started in 1971, (a hypothetical case)

KZ : 4 : 7n443, N7

## Y. ਸਮਾਜ ਵਿਗਿਆਨ (SOCIOLOGY)

## ਪਹਿਲੂ ਫਾਰਮੂਲਾ : Y[P] : [E] [2P] : [2E] [3P]

ਇਸ ਮੁੱਖ ਵਰਗ ਵਿਚ ਮਨੁੱਖਾਂ ਦੇ ਸਮੂਹਕ ਆਚਾਰ ਜਾਂ ਵਤੀਰੇ ਤੋਂ ਇਲਾਵਾ ਸਮਾਜ ਦੀਆਂ ਸਮੂਹਕ ਸਮੱਸਿਆਵਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਸ ਵਿਚ ਮਨੁੱਖੀ ਸਭਿਅਤਾ, ਮਾਨਵ ਵਿਗਿਆਨ ਅਤੇ ਮਨੁੱਖੀ ਨਸਲਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ।

ਇਸਦੇ ਮੁੱਖ ਵਰਗ ਵਿਚ [2E]cum[3P] ਪਹਿਲੂ ਵੀ ਉਜਾਗਰ ਹੁੰਦਾ ਹੈ। [P] ਵਿਚ ਮਨੁੱਖੀ ਸਮੂਹ ਰੱਖਿਆ ਗਿਆ ਹੈ। ਕੁਝ ਇਕੱਲ ਬਣਾਉਣ ਲਈ ਅਧਿਆਰੋਪਣ ਜੁਗਤ ਅਤੇ ਵਿਸ਼ਾ ਜੁਗਤ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

[E]cum[2P] ਵਿਚ ਸਮਾਜਿਕ ਕੰਮਕਾਰ, ਸਮੱਸਿਆਵਾਂ, ਲੋੜਾਂ ਅਤੇ ਵਤੀਰੇ ਤੇ ਸਰਗਰਮੀਆਂ ਆਦਿ ਦਾ ਅਧਿਐਨ ਹੈ।

[2E]cum[3P] ਵਿਚ ਗੌਣ ਸਮੱਸਿਆਵਾਂ ਵਿਚਾਰੀਆਂ ਗਈਆਂ ਹਨ। ਇਨ੍ਹਾਂ ਵਿਚ ਨਿਗਰਾਨੀ, ਵਿਕਾਸ, ਕਾਰਣ-ਨਿਰਧਾਰਣ (Etilogy) ਅਤੇ ਸਮਾਜਕ ਬੁਰਾਈਆਂ ਤੋਂ ਪਰਹੇਜ ਅਤੇ ਨਿਵਾਰਣ ਆਦਿ ਦੇ ਇਕੱਲ ਅੰਕ ਤਰਤੀਬੇ ਗਏ ਹਨ। ਇਥੇ ਇਕ ਗੱਲ ਧਿਆਨ ਨਾਲ ਦੇਖ ਲੈਣੀ ਚਾਹੀਦੀ ਹੈ ਕਿ 4[E] ਦੇ ਲਈ ਅਲਹਿਦਾ [2E]cum[3P] ਇਕੱਲ ਦਿੱਤੇ ਗਏ ਹਨ।

ਇਕ ਗੱਲ ਫੇਰ ਦੁਹਰਾਈ ਜਾ ਰਹੀ ਹੈ ਕਿ [2E]cum[3P] ਦੇ ਇਕੱਲੇ ਵਿਚਾਰਾਂ ਦੀ ਵਰਤੋਂ ਕੇਵਲ ਅਤੇ ਕੇਵਲ [E]cum[2P] ਦੇ ਇਕੱਲੇ ਵਿਚਾਰਾਂ ਦੀ ਵਰਤੋਂ ਉਪਰੰਤ ਹੀ ਸੰਭਵ ਹੁੰਦੀ ਹੈ। ਇਸ ਲਈ ਭਾਵੇਂ ਦਿੱਤੇ ਵਿਸ਼ੇ ਵਿਚ [E] ਇਕੱਲ ਵਿਚਾਰ ਦਾ ਜ਼ਿਕਰ ਹੋਵੇ ਜਾਂ ਨਾ ਹੋਵੇ ਤਾਂ ਵੀ [E] ਇਕੱਲ ਲਗਾ ਕੇ ਹੀ [2E] ਇਕੱਲ ਲਗਾਇਆ ਜਾਂਦਾ ਹੈ।

ਸਮਾਜ ਵਿਗਿਆਨ ਵਿਸ਼ੇ ਦੀਆਂ ਕੁਝ ਉਦਾਹਰਣਾਂ :

A Social Study of Urban Women

Y15-33

Prevention of Social Evils among the Slum Youth

Y12-57:44:5

Educating the Slum-Youth against Social Evils.

Y12-57: 44: 5(T)

Flood relief work

Y: 4355: 67

Urban Families of India - a Social Study

Y33 : 32.44

3[E] has been sub-divided as R4 Ethics.

Coronation of a British Monarch

Y756: 348(W, 21)

Here Y7 has been divided by (GD).

Inauguration Ceremony of a Rural Public Library

Y31: 348(22)

Aryan Civilization

Y73 (P1): 1

Indus Valley Civilization in 3500 BC

Y: 1. 44.g1'B6499

Naming Ceremony of Hindu Children

Y73 (Q2): 3411

Superstitions about Devils among the Christians

Y73 (Q6): 35412

ਇਥੇ Y:354 ਨੂੰ ਵਿਸ਼ੇ ਦੀ $[P_2]$ ਨਾਲ ਵੰਡਿਆ ਗਿਆ ਹੈ।

Moon in Dravidian Folklore

Y73 (P3) : 351282

(ਇਥੇ ਤਿੰਨ ਥਾਵਾਂ ਤੋਂ ਇਕੱਲ ਲੈਣ ਦਾ ਪ੍ਰਾਵਧਾਨ ਦਿੱਤਾ ਹੈ। ਪਹਿਲਾਂ $[P_2]$ ਥਾਂ ਜੁਗਤ ਨਾਲ, ਫੇਰ $[P_3]$ ਮੁਖ ਵਰਗ ND ਤੋਂ ਅਤੇ ਅੰਤ ਵਿਚ B9 ਦੀ [P] ਵਿਚੋਂ)

Superstitions about Earthquakes among the Hindus

Y73 (Q2) : 354(H4132)

Arm Ornaments of Stone Age

Y714: 8663

Here Y : 86 has been subdivided as 1[P] of L Medicine.

Earrings worn by Asians

Y74: 8683

Mining Instruments of the Jews

Y73 (Q5): 83(HZ)

Medical Instruments of the Semitic People

Y73 (P2) : 83(L)

Water Boats of the Primitive Australians

Y72-78: 852

A Social Study of Suicides among the Wives in Europe

Y2215: 45111.5

Social Life of Doctors

Y9 (L)

Alcoholism among the Musicians

Y9 (NR) : 411

Rural Development

Y31: 7: 7

Character Improvement

Y: 74: 7

Etiology of Over Population in India

Y: 52: 2.44

Population Control by Legislation

Y: 5: 5(Z)

A Social Study of War Crimes in Bangladesh

Y: 45ZA. 44Q71

(Y:45 ਦੀ ਅੱਗੇ ਵੰਡ Z,5 Crimes ਵਾਂਗ ਕੀਤੀ ਗਈ ਹੈ। ਇਥੇ Z,5ZA War Crimes Law ਹੈ।)

Influence of Over Population on Crimes – a Social Study

Y: 45 or 52

Difference between the Population Densities of Rural and Urban Areas

Y310w3: 58

Guru Nanak Journal of Sociology (Indian 1980+)

Ym44, N8

Indian Sociological Bulletin (1963+)

Ym44, N63

Sociological Abstracts

Yam73, N

Journal of Marriage and Family (US, 1938+)

Y2m73, N3

Netherlands Sociological Society, 1963

Y.5952, g, 9N6

National Institute of Rural Development, Hyderabad 1958

Y31: 7: 7.44, d, 9N5

## ਸਵੈ-ਪਰੀਖਣ ਅਭਿਆਸ-3

1. Magneto Therapy of Paralytic Patients.
2. Naturopathy Treatment of Beriberi Disease in the Rice Eating Countries.
3. Ayurvedic Treatment of Eye Disease of old persons during War.
4. Constitution of the Indian Council of Medical Research (ICMR), New Delhi (founded in 1952).
5. Rice Farming in the Eastern Part of Kerala during Winder.
6. Harvesting of wheat in Godaveri Delta.
7. Treatment of Disease in the Soilness Farming in Hilly Regions of Himachal Pradesh.
8. Fundamentals of Indian Agriculture Report (1960).
9. Prevention of Tuberculosis in Poultry.
10. Surgery of the Virus Disease of Mule.
11. Cold Storage of Cow Milk.
12. Dairy Farming Development in the Madras city.
13. The Influence of Urban Culture on Rural Culture in the New Millennium in Developing Countries.
14. Naming Ceremony of Hindu Children.
15. Etiology of Social Tension in Poland in 1980s.
16. Conservation of Aryan Culture in India.

## ਵਿਆਪਕ ਅਧਿਐਨ ਲਈ ਪੁਸਤਕਾਂ

1. ਰੰਗਾਨਾਥਨ (ਐਸ.ਆਰ.) ਕੋਲਨ ਕਲਾਸੀਫਿਕੇਸ਼ਨ, ਸੰਸ. 6. ਬੰਗਲੌਰ : ਸ਼ਾਰਦਾ ਰੰਗਾਨਾਥਨ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1960.

2. ਕੌਲਾ (ਪੀ.ਐਨ.), ਏ ਟਰੀਟਾਈਜ਼ ਆਨ ਕੋਲਨ ਕਲਾਸੀਫਿਕੇਸ਼ਨ, ਸਟਰਲਿੰਗ ਪਬਲਿਸ਼ਰਜ਼, 1985.
3. ਰੰਗਾਨਾਥਨ (ਐਸ.ਆਰ.). ਐਲੀਮੈਂਟਸ ਆਫ ਲਾਇਬਰੇਰੀ ਕਲਾਸੀਫਿਕੇਸ਼ਨ, ਸੰਸ. 3, ਬੰਗਲੌਰ: ਸ਼ਾਰਦਾ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
4. ਸਤੀਜਾ (ਐਮ.ਪੀ.). ਮੈਨੂਅਲ ਫਾਰ ਪ੍ਰੈਕਟੀਕਲ ਕਲਾਸੀਫਿਕੇਸ਼ਨ ਸੋਧਤ ਸੰਸ. 3. ਨਵੀਂ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1995.
5. ਸਤੀਜਾ (ਮਹਿੰਦਰ ਪ੍ਰਤਾਪ) : ਕੋਲਨ ਵਰਗੀਕਰਣ: ਪ੍ਰੈਕਟੀਕਲ ਗਾਈਡ, ਨਿਊ ਦਿੱਲੀ : ਸਤੀਜਾ ਰਿਸਰਚ ਫਾਊਡੇਸ਼ਨ ਇਨ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ, 2013.
6. ਸਚਦੇਵਾ (ਐਮ.ਐਸ.). ਕੋਲਨ ਕਲਾਸੀਫਿਕੇਸ਼ਨ : ਥਿਓਰੀ ਐਂਡ ਪ੍ਰੈਕਟਿਸ. ਨਿਊ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1975.

**ਪਾਠ ਨੰ. 1.8**

**ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

# ਬਨਸਪਤੀ ਵਿਗਿਆਨ, ਪ੍ਰਾਣੀ ਵਿਗਿਆਨ ਅਤੇ ਔਸ਼ਧੀ ਵਿਗਿਆਨ

## ਉੱਦੇਸ਼

ਇਸ ਪਾਠ ਵਿਚ ਬਨਸਪਤੀ ਵਿਗਿਆਨ, ਪ੍ਰਾਣੀ ਵਿਗਿਆਨ ਅਤੇ ਔਸ਼ਧੀ ਵਿਗਿਆਨ ਤਿੰਨ ਮੁੱਖ ਵਰਗਾਂ ਲਈ ਵਰਗ ਅੰਕ ਬਣਾਉਣ ਦੀਆਂ ਵਿਧੀਆਂ ਅਤੇ ਪ੍ਰੈਕਟਿਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਜਾਵੇਗਾ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਇਸ ਪਾਠ ਵਿਚ ਵਿਚਾਰੇ ਗਏ ਮੁੱਖ ਵਿਸ਼ਿਆਂ ਨਾਲ ਸੰਬੰਧਤ ਸੰਯੁਕਤ ਅਤੇ ਜਟਿਲ ਵਰਗ ਅੰਕ ਬਣਾਉਣ ਬਾਰੇ ਜਾਣ ਸਕੋਗੇ ;
* ਪ੍ਰਲੇਖਾਂ ਦੀ ਵਰਗੀਕਰਣ ਪ੍ਰਕ੍ਰਿਆ ਅਤੇ ਪਹਿਲੂ ਫਾਰਮੂਲੇ ਤੋਂ ਵਾਕਿਫ ਹੋ ਜਾਵੋਗੇ ;
* ਦਿੱਤੇ ਸਿਰਲੇਖਾਂ ਦੇ ਵਰਗ ਅੰਕ ਬਣਾਉਣ ਲਗ ਪਵੋਗੇ ; ਅਤੇ
* ਆਪਣੇ ਦੁਆਰਾ ਤਿਆਰ ਕੀਤੇ ਵਰਗ ਅੰਕਾਂ ਨੂੰ ਦਿੱਤੇ ਵਰਗ ਅੰਕਾਂ ਨਾਲ ਮਿਲਾ ਕੇ ਗਲਤ ਜਾਂ ਠੀਕ ਦੀ ਪਛਾਣ ਕਰ ਸਕੋਗੇ।

## I ਬਨਸਪਤੀ ਵਿਗਿਆਨ (BOTANY)

### ਪਹਿਲੂ ਫਾਰਮੂਲਾ : I [P], [$P_2$] : [E] [2P]

ਇਹ G ਜੀਵ ਵਿਗਿਆਨ ਦਾ ਇਕ ਹਿੱਸਾ ਹੈ। ਇਸ ਮੁੱਖ ਵਰਗ ਵਿਚ ਬਨਸਪਤੀ (ਹਰਿਆਵਲ) ਭਾਵ ਬੂਟੇ, ਪੌਦੇ, ਦਰਖਤ, ਫਲ, ਫੁੱਲ, ਘਾਹ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ।

ਇਸਦੇ ਪਹਿਲੂ ਫਾਰਮੂਲੇ ਵਿਚ :

| | |
|---|---|
| [P] | ਇਸ ਵਿਚ ਬੂਟਿਆਂ ਦੀ ਕੁਦਰਤੀ ਗਰੁੱਪਾਂ ਵਿਚ ਵੰਡ ਵਜੋਂ ਅਧਿਐਨ ਸੰਮਿਲਿਤ ਹੈ। ਬੂਟਿਆਂ ਦੇ ਨਾਵਾਂ ਦੀ ਤਰਤੀਬਤ ਗਿਣਤੀ ਬਨਸਪਤੀ ਦੀ ਕੁਦਰਤੀ ਵਰਗੀਕਰਣ ਅਨੁਸਾਰੀ ਹੈ। |
| [$P_2$] | ਵਿਚ ਬੂਟੇ ਦਾ ਅੰਗ ਜਿਵੇਂ ਜੜ, ਤਨਾ, ਫੁੱਲ ਆਦਿ ਹੈ। |
| [E]cum[2P] | ਵਿਚ ਬਨਸਪਤੀ ਵਿਗਿਆਨ ਦੀਆਂ ਕਿਰਿਆਵਾਂ ਆਉਂਦੀਆਂ ਹਨ। ਇਹ ਇਕੱਲ G ਜੀਵ ਵਿਗਿਆਨ ਵਾਲੇ ਹੀ ਹਨ। ਇਥੇ ਇਹ ਵਰਣਨਯੋਗ ਹੈ ਕਿ G ਜੀਵ-ਵਿਗਿਆਨ, I ਬਨਸਪਤੀ ਵਿਗਿਆਨ ਅਤੇ ਕਾਫੀ ਹੱਦ ਤੱਕ K ਜੰਤੂ-ਵਿਗਿਆਨ ਦੀ ਸਾਂਝੀ ਊਰਜਾ ਸੂਚੀ ਹੈ। ਇਕ ਗੱਲ ਹੋਰ ਯਾਦ ਕਰਾਈ ਜਾਂਦੀ ਹੈ ਕਿ G ਜੀਵ ਵਿਗਿਆਨ ਦੀਆਂ ਦੋ ਵਿਲੱਖਣਤਾਵਾਂ ਇਥੇ ਵੀ ਲਾਗੂ ਹੁੰਦੀਆਂ ਹਨ। |

ਕੁੱਲ ਮਿਲਾ ਕੇ I ਬਨਸਪਤੀ ਵਿਗਿਆਨ ਦੀ ਅਨੁਸੂਚੀ ਸਰਲ ਹੈ। ਕੁਦਰਤੀ ਗਰੁੱਪਾਂ ਦੇ ਵਿਅਕਤਿੱਤਵ ਇਕੱਲਾਂ ਦਾ ਇੰਡੈਕਸ ਸੀ ਸੀ 6 ਦੇ ਪੰਨੇ 2.61 ਤੋਂ 2.63 ਤੇ ਦਿੱਤਾ ਗਿਆ ਹੈ। ਇਹ ਉਨ੍ਹਾਂ ਵਰਗਕਾਰਾਂ (Classifiers) ਲਈ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ ਜਿਨ੍ਹਾਂ ਨੂੰ ਬੂਟਿਆਂ ਦੇ ਵਿਗਿਆਨਿਕ ਨਾਵਾਂ ਦੀ ਜਾਣਕਾਰੀ ਨਹੀਂ ਹੁੰਦੀ।

**ਉਦਾਹਰਣਾਂ :**

Journal of Indian Flora (Calcutta, 1960+ : a hypothetical case)

1: 13.44mN

British Journal of European Plants (1970+)

1: 13m56, N

Chemical effect of Sulphur on Plant Tissues

1, 12 : 33E ; 161

Nitrogen Metabolism in Plants

1: 33 ; 150

Plant Classification (Taxonomy)

1: 11

ਕਿਉਂਕਿ ਪੌਦਿਆਂ ਦੀ ਵਰਗੀਕਰਣ ਦੀਆਂ ਬਹੁਤ ਸਾਰੀਆਂ ਪ੍ਰਣਾਲੀਆਂ ਹਨ, ਇਸ ਲਈ ਇਨ੍ਹਾਂ ਨੂੰ ਪ੍ਰਣਾਲੀਆਂ ਮੰਨਿਆ ਜਾ ਸਕਦਾ ਹੈ ਅਤੇ ਇਨ੍ਹਾਂ ਦੇ ਇਕੱਲ ਕਾਲ-ਕ੍ਰਮ ਜੁਗਤ ਨਾਲ ਬਣਾਏ ਜਾ ਸਕਦੇ ਹਨ।

Ohn Ray's System of Plant Classification (Propounded in 1660)

1: 11K

Linnaeus System of Plant Classification (formulated in the 18th century)

1: 11L

Hooker-Benthan Plant Classification

1: 11N

Tissues of Dicotyledons

18, 12

Premulates Leaf Morphology

1845, 15: 2

Fungi Nomenclature

123 : 11

Himalayan Flora

1: 13.4.g7H

International Conference on Himalayan Flora (New Delhi, 1979)

1: 13.4.g7Hpl, N79

Dictionary of Plant Ecology

1: 5k

Development of Thallphyts

12 : 7

Reproduction in Flowering Plants

15 : 67

Microscopic Botany

1: 19

Bark of Daphnales

1885, 87

(ਛਿੱਲੜਾਂ ਨੂੰ ਪੌਦਿਆਂ ਦੀ ਖੱਲ ਮੰਨਿਆ ਜਾ ਸਕਦਾ ਹੈ। ਇਸ ਲਈ [$P_2$] 87 ਨੂੰ L ਚਕਿਤਸਾ ਵਿਗਿਆਨ ਦੀ [P] ਵਿਚੋਂ ਲਿਆ ਗਿਆ ਹੈ। ਇਹ ਪੰਨਾ 2.60 ਤੇ ਦਿੱਤੇ [$P_2$] ਨਿਯਮ ਅਨੁਸਾਰੀ ਹੈ)

Nervous System of Plants

1, 7

Paleobotany

1: 8

Cainozoic Rosales Fossils

1831: 8 'A4

(ਇਥੇ 'ਕਾਲ' ਪਹਿਲੂ H5 Palaeontology ਵਾਂਗ ਹੀ ਬਣਾਇਆ ਗਿਆ ਹੈ, ਭਾਵ H5 ਨੂੰ A ਨਾਲ ਬਦਲ ਲਿਆ ਗਿਆ ਹੈ।)

Fossils of Recent Bryophyta

13: 8'A55

Cretaceous Fossils of the Leaves of Pteridophyta

14, 15: 8'A34

Botanica (Journal of Botany, India, 1950)

Im44, N5

Bulletin of the British Mycological Society (1967)

123m56, N6

Botanical Survey of India (1890)

1.44, f2, 9M

National Botanical Research Institute

1.44.f, 9N

Indian Botanical Society

1.44, g, 9N

Report of the Birbal Sahni Institute of Paleobotany (Lucknow)

1: 8.44, d, Br

Life of Linnaeus (1707-1778)

IwL07

Comparative Study of Primary and Secondary Roots of Dicotyledons

18, 1320v3

## K ਪ੍ਰਾਣੀ ਵਿਗਿਆਨ (ZOOLOGY)

### ਪਹਿਲੂ ਫਾਰਮੂਲਾ : K[P], [$P_2$] : [E] [2P]

ਇਹ ਜੀਵ ਵਿਗਿਆਨ ਦੀ ਇਕ ਹੋਰ ਸ਼ਾਖਾ ਹੈ ਜਿਸ ਵਿਚ ਜੀਵ ਜੰਤੂਆਂ ਦਾ ਅਧਿਐਨ ਕੀਤਾ ਜਾਂਦਾ ਹੈ।

[P] ਪ੍ਰਾਣੀ ਦੀ ਕਿਸਮ ਹੈ। ਪ੍ਰਾਣੀਆਂ ਦੀ ਵੰਡ ਪ੍ਰਾਣੀ ਵਿਗਿਆਨ ਵਿਚ ਪ੍ਰਚੱਲਿਤ ਲਾਈਨਾਂ ਤੇ ਕੀਤੀ ਗਈ ਹੈ। ਪ੍ਰਾਣੀਆਂ ਦਾ ਗਰੁੱਪੀਕਰਣ ਸਾਂਝੇ ਤੌਰ ਤੇ ਪ੍ਰਵਾਨਤ ਵਿਗਿਆਨਕ ਆਧਾਰ ਹੈ। ਇਹ ਵਰਗੀਕਰਣ ਜੀਵਾਂ ਦੇ ਉਪ-ਤਬਕੇ ਤੱਕ ਹੀ ਸੀਮਿਤ ਹੈ ਅਤੇ ਲੋੜ ਅਨੁਸਾਰ ਅੱਗੇ ਉਪਵੰਡ ਕੀਤੀ ਜਾ ਸਕਦੀ ਹੈ। ਵਿਅਕਤਿੱਤਵ ਇਕੱਲਾਂ ਵਿਚ ਵਰਤੀ ਗਈ ਭਾਸ਼ਾ ਤਕਨੀਕੀ ਹੈ। ਇਸ ਲਈ ਵਰਗਕਾਰ ਦੀਆਂ ਔਕੜਾਂ ਦੇ ਹੱਲ ਲਈ ਵਿਸ਼ੇ ਦੀ ਅਨੁਸੂਚੀ ਉਪਰੰਤ ਪੰਨੇ 2.73 ਤੋਂ 2.78 ਤੱਕ ਵਿਅਕਤਿੱਤਵ ਪਹਿਲੂ [P] ਦੇ ਇਕੱਲਾਂ ਦਾ ਇੰਡੈਕਸ ਦਿੱਤਾ ਗਿਆ ਹੈ।

[$P_2$] ਜੀਵ ਦਾ ਸਰੀਰਕ ਅੰਗ ਹੈ। ਇਸਦੇ ਇਕੱਲ ਚਕਿਤਸਾ ਵਿਗਿਆਨ ਦੀ [P] ਵਾਲੇ ਹੀ ਹਨ। ਪਰ ਜਿਥੇ ਕਿਤੇ ਦੋਹਾਂ ਅਨੁਸੂਚੀਆਂ ਵਿਚ ਇਕੱਲਾਂ ਲਈ ਬਣਾਏ ਗਏ ਪਦ ਆਪਸ ਵਿਚ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ ਹੋਣ ਤਾਂ ਮਿਲਦੇ ਜੁਲਦੇ ਪਦ ਵਰਤ ਲੈਣੇ ਚਾਹੀਦੇ ਹਨ। ਉਦਾਹਰਣ ਵਜੋਂ ਪੰਛੀਆਂ ਦੇ ਖੰਭ ਪਦ L

ਦੀ [P] ਵਿਚ ਨਹੀਂ ਮਿਲਦਾ ਇਸ ਲਈ ਖੰਭਾਂ ਦੀ ਥਾਂ "ਬਾਜੂ" ਸ਼ਬਦ ਦਾ ਇਕੱਲ ਅੰਕ ਵਰਤਿਆ ਜਾ ਸਕਦਾ ਹੈ। ਪਰ ਇਹ ਸਿਸਟਮ ਅਕਸਰ ਨਕਾਰਾ ਸਾਬਤ ਹੋ ਜਾਂਦਾ ਹੈ। L ਚਕਿਤਸਾ ਵਿਗਿਆਨ ਵਿਚ ਪੂੰਛ, ਸੁੰਡ (Trunk) ਵਰਗੇ ਸ਼ਬਦਾਂ ਦੇ ਬਰਾਬਰ ਕੋਈ ਵੀ ਸ਼ਬਦ ਨਹੀਂ ਮਿਲਦਾ।

[E]cum [2P] ਵਿਚ ਪ੍ਰਾਣੀਆਂ ਦੀਆਂ ਜੀਵਨ ਕ੍ਰਿਆਵਾਂ ਹਨ। ਇਹ ਸਾਰੇ ਇਕੱਲ G ਜੀਵ–ਵਿਗਿਆਨ ਵਾਲੇ ਹਨ। ਦੋ ਊਰਜਾ ਇਕੱਲ 591 ਅਤੇ 595 ਵਿਚ ਦਿੱਤੇ ਗਏ ਹਨ।

[2M] ਇਹ ਜੀਵ ਵਿਗਿਆਨ ਦੀ ਤਰ੍ਹਾਂ ਹੈ। ਇਹ K : 3 ਅਤੇ ਇਸਦੇ ਹੋਰ ਉਪਭਾਗਾਂ ਲਈ ਵਰਤਿਆ ਜਾਂਦਾ ਹੈ।

ਇਸੇ ਤਰ੍ਹਾਂ K : 12 ਤੋਂ K : 18 ਤੱਕ ਦੇ ਇਕੱਲੇ ਵਿਚਾਰਾਂ ਨਾਲ ਤੁਰੰਤ 'ਥਾਂ' ਪਹਿਲੂ ਦੀ ਵਰਤੋਂ ਕਰਨੀ ਪੈ ਸਕਦੀ ਹੈ।

**ਉਦਾਹਰਣਾਂ :**

Books on Paleozoology are classified in H6 Palaeontology.

Animal Autopsy

K : 4798

Bird Anatomy

K96 : 2

Vertebrate Taxonomy

K9 : 11

Chemical Effect of Phosphorous on Eyes of Birds

K96, 185: 33E; 151

Animal Kingdom of Nepal

K : 12.44974

Journal of Indian Fauna, 1912+

K : 12m44, N1

Oxford Pictorial Encyclopaedia of Animals of South-East Asia (1965)

K : 14k43, N

Nervous Diseases of Mammals

K97 , 7 : 4

Rearing among Wild Animals

K9954: 591

Courting among Primates

K9797: 595

Effect of Atmospheric Temperature on Mammal's Physiology

K97: 30gU284

Bangladesh Journal of Zoology, 1973+

Km44Q71, N7

Journal of Mammalogy (USA, 1919+)

K97m73, N

Indian Journal of Entomology, 1939+

K86m44, N3
Insect Atlas of India (1965)
K86: 12.44f N7
([T] is upto the (LED))
Indian Association of Systematic Zoologists (Calcutta, 1947)
K: 11.44, g, 9N
Report of the International Committee on Zoological Nomenclature (1895)
K: 11.1 'M95t5
International Council for Bird Preservation (London, 1922)
K96: 54.1, g, 9N
Anatomical Differences between Vertebrates and Invertebrates
K10n9: 2
Comparative Study of Physiology of Ayes and Mammals
K960v7: 3
Collected Physiological Works of Claud Bernard (1813-1878)
K: 3xM13
The Fall of a Sparrow: Autobiography of the great Indian Orinthologist, Dr. Salim Ali
(1896-1987)
K96wM 96, I
Anatomy of Wings of Birds
K96, 163:2

## LZ ਔਸ਼ਧੀ ਵਿਗਿਆਨ (PHARMOCOGNOSY)
## ਪਹਿਲੂ ਫਾਰਮੂਲਾ : LZ[P] : [E] [2P]

ਇਸ ਮੁੱਖ ਵਰਗ ਵਿਚ ਦਵਾਈਆਂ ਦੀਆਂ ਕਿਸਮਾਂ ਅਤੇ ਉਨ੍ਹਾਂ ਸੰਬੰਧੀ ਅਧਿਐਨ ਦੇ ਵਿਸ਼ੇ ਸੰਮਿਲਿਤ ਹਨ। ਸੀ ਸੀ ਵਿਚ LZ ਮੁੱਖ ਵਰਗ ਲੁਪਤ ਜਿਹਾ ਮੁੱਖ ਵਰਗ ਜਾਪਦਾ ਹੈ। ਵਧੇਰੇ ਕਰਕੇ ਇਸ ਲਈ, ਕਿਉਂਕਿ ਇਸਦੀ ਅਨੁਸੂਚੀ ਵਿਆਪਕ ਨਹੀਂ ਬਣਾਈ ਗਈ। ਇਹੀ ਨਹੀਂ ਅਨੁਸੂਚੀਆਂ ਨੂੰ ਵਰਤਣ ਦੀ ਵਿਧੀ ਸਮਝਾਉਣ ਲਈ ਉਦਾਹਰਣਾਂ ਤੱਕ ਨਹੀਂ ਦਿੱਤੀਆਂ ਗਈਆਂ ਹਨ। ਇਸਦੇ ਨਾਲ ਹੀ ਬਹੁਤ ਸਾਰੇ ਪੱਖਾਂ ਨੂੰ ਬਰੀਕੀ ਨਾਲ ਬਿਆਨ ਨਹੀਂ ਕੀਤਾ ਗਿਆ।

ਸਭ ਤੋਂ ਪਹਿਲਾਂ ਇਸ ਮੁੱਖ ਵਰਗ ਨੂੰ ਪ੍ਰਮਾਣਿਤ ਉਪਵਰਗਾਂ ਵਿਚ ਵੰਡਿਆ ਗਿਆ ਹੈ :

LZ3 ਔਸ਼ਧ ਵਿਗਿਆਨ
LZ5 ਔਸ਼ਧੀ ਕੋਸ਼
LZ8 ਦਵਾਖਾਨਾ
LZ3 ਦਾ ਪਹਿਲੂ ਫਾਰਮੂਲਾ : LZ3[P] : [E] [2P]
[P] ਵਸਤੂ (ਦਵਾਈ) ਤੋਂ ਹੈ। ਇਹ ਰਸਾਇਣ ਵਿਗਿਆਨ ਦੀ [P] ਤੋਂ ਲੈਣਾ ਹੈ।
[E] ਦਵਾਈ ਦਾ ਅਸਰ ਹੈ। ਇਸਦੇ ਇਕੱਲ ਅਨੁਸੂਚੀ ਵਿਚ ਦਿੱਤੇ ਹਨ।
[2P] ਸਰੀਰਕ ਅੰਗ ਹੈ ਜਿਸ ਉਤੇ ਦਵਾਈ ਦਾ ਅਸਰ ਹੁੰਦਾ ਹੈ। ਇਸਨੂੰ ਵਿਸ਼ਾ ਜੁਗਤ ਨਾਲ ਲੈਣਾ ਹੈ।

**ਉਦਾਹਰਣਾਂ :**

Fluoride Drugs Stimulation in Teeth
LZ3 170: 2 (L214)
(ਇਹ 170 ਰਸਾਇਣ ਵਿਗਿਆਨ ਦੀ [P] ਵਿਚੋਂ ਲਿਆ ਗਿਆ ਹੈ।)
Benxoids Depression in Kidneys
LZ371: 3 (L51)
Stomach Irritation caused by Iron
LZ 3182: 5 (L24)
Heart Depression by Potassium
LZ3 112: 3 (L32)
Heart Stimulations by Calcium Chloride
LZ342271: 2 (L32)
Intestine Depression by Magnesium Chloride
LZ342171: 3(L25)
Hydrochloric Acid Replacements in Stomach
LZ3371: 8(L24)

LZ5 ਔਸ਼ਧੀ ਕੋਸ਼ ਵਿਚ ਦਵਾਈਆਂ ਨੂੰ ਸਿੱਕੇਬੰਦ ਕਰਨ ਲਈ ਮਿਆਰ ਨਿਰਧਾਰਿਤ ਕੀਤੇ ਹੁੰਦੇ ਹਨ।

LZ5 [$P_1$], [$P_2$]

ਇਸ ਦਾ ਪਹਿਲੂ ਫਾਰਮੂਲਾ :

[$P_1$] ਦੇਸ਼ ਦੇ ਨਾਂ ਲਈ ਹੈ ਅਤੇ ਭੂਗੋਲਿਕ ਜੁਗਤ ਨਾਲ ਬਣਦਾ ਹੈ।

[$P_2$] ਔਸ਼ਧੀ ਸੂਚੀ ਦਾ ਮਿਆਰ ਜਾਂ ਕਿਸਮ। ਇਸਦੇ ਇਕੱਲ ਅਨੁਸੂਚੀ ਵਿਚ ਦਿੱਤੇ ਗਏ ਹਨ।

British Pharmocopoeia (BP)
LZ556, 1
Pharmacopoeia Universalle
LZ51, 1
New Non–Official Remedies (NNR) (USA)
LZ573, 2
Pharmaceutical Journal (UK, 1841)
LZ8m56. M4
American Journal of Pharmacy (1886)
LZ8m73, M8
Eastern Pharmacist (India, 1968+)
LZm44, N6
American Society for Pharmacology (1959)
LZ3.73, g, 9N5
American Pharmaceutical Association (1852)
LZ8. 73, g, 9M

## ਸਵੈ-ਪੜਚੋਲ ਲਈ ਅਭਿਆਸ-4

1. Life and Works of JD Hooker (Born in 1817).
2. Morphological Study of the Flowering Plants of Desert of India.
3. Bulletin of Indian Seed Sciences Published by IARI Pusa, New Delhi Since 1978.
4. Function of the Director of the Birbal Sahni Institute of Paleobotany, Lucknow (Founded in 1968).
5. Migration of Birds from India.
6. The World of the Insects of the Agricultural Countries.
7. Scientific Journal of Indian Animal Physiology Published by ICAR Since 1988.
8. A Documentary Report on Animal Behaviour.
9. Indian Pharmaceutical Guide 1964.
10. Glossary of Elementary Pharmacology.
11. Indian Pharmaceutical Codex.
12. British Encyclopedia of Pharmaceutical Sciences (1976).

## ਹੋਰ ਪੜ੍ਹਨ ਲਈ ਪੁਸਤਕਾਂ


1. ਰੰਗਾਨਾਥਨ (ਐਸ.ਆਰ.). ਕੋਲਨ ਕਲਾਸੀਫਿਕੇਸ਼ਨ, ਸੰਸ. 6. ਬੰਗਲੌਰ : ਸ਼ਾਰਦਾ ਰੰਗਾਨਾਥਨ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1960.
2. ਕੌਲਾ (ਪੀ.ਐਨ.). ਏ ਟਰੀਟਾਈਜ਼ ਆਨ ਕੋਲਨ ਕਲਾਸੀਫਿਕੇਸ਼ਨ, ਸਟਰਲਿੰਗ ਪਬਲਿਸ਼ਰਜ਼, 1985.
3. ਰੰਗਾਨਾਥਨ (ਐਸ.ਆਰ.). ਐਲੀਮੈਂਟਸ ਆਫ ਲਾਇਬਰੇਰੀ ਕਲਾਸੀਫਿਕੇਸ਼ਨ, ਸੰਸ. 3, ਬੰਗਲੌਰ : ਸ਼ਾਰਦਾ ਅਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
4. ਸਤੀਜਾ (ਐਮ.ਪੀ.). ਮੈਨੂਅਲ ਫਾਰ ਪ੍ਰੈਕਟੀਕਲ ਕਲਾਸੀਫਿਕੇਸ਼ਨ ਸੋਧਤ ਸੰਸ. 3. ਨਵੀਂ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1995.
5. ਸਤੀਜਾ (ਮਹਿੰਦਰ ਪ੍ਰਤਾਪ) : ਕੋਲਨ ਵਰਗੀਕਰਣ: ਪ੍ਰੈਕਟੀਕਲ ਗਾਈਡ, ਨਿਉ ਦਿੱਲੀ : ਸਤੀਜਾ ਰਿਸਰਚ ਫਾਊਡੇਸ਼ਨ ਇਨ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ, 2013.
6. ਸਚਦੇਵਾ (ਐਮ.ਐਸ.). ਕੋਲਨ ਕਲਾਸੀਫਿਕੇਸ਼ਨ : ਥਿਓਰੀ ਐਂਡ ਪ੍ਰੈਕਟਿਸ. ਨਿਊ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1975.

ਪਾਠ ਨੰ. 1.9

ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ
ਅਨੁਵਾਦਕ : ਡਾ. ਜਸਮੇਰ ਸਿੰਘ

# ਲਲਿਤ ਕਲਾਵਾਂ, ਭਾਸ਼ਾ ਵਿਗਿਆਨ ਅਤੇ ਧਰਮ

## ਉੱਦੇਸ਼

ਇਸ ਪਾਠ ਵਿਚ ਲਲਿਤ ਕਲਾਵਾਂ, ਭਾਸ਼ਾ ਵਿਗਿਆਨ ਅਤੇ ਧਰਮ ਤਿੰਨ ਮੁੱਖ ਵਰਗਾਂ ਲਈ ਵਰਗ ਅੰਕ ਬਣਾਉਣ ਦੀਆਂ ਵਿਧੀਆਂ ਅਤੇ ਪ੍ਰੈਕਟਿਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਜਾਵੇਗਾ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ:

* ਇਸ ਪਾਠ ਵਿਚ ਵਿਚਾਰੇ ਗਏ ਮੁੱਖ ਵਿਸ਼ਿਆਂ ਨਾਲ ਸੰਬੰਧਤ ਸੰਯੁਕਤ ਅਤੇ ਜਟਿਲ ਵਰਗ ਅੰਕ ਬਣਾਉਣ ਬਾਰੇ ਜਾਣ ਸਕੋਗੇ ;
* ਪ੍ਰਲੇਖਾਂ ਦੀ ਵਰਗੀਕਰਣ ਪ੍ਰਕ੍ਰਿਆ ਅਤੇ ਪਹਿਲੂ ਫਾਰਮੂਲੇ ਤੋਂ ਵਾਕਿਫ ਹੋ ਜਾਵੋਗੇ ;
* ਦਿੱਤੇ ਸਿਰਲੇਖਾਂ ਦੇ ਵਰਗ ਅੰਕ ਬਣਾਉਣ ਲਗ ਪਵੋਗੇ ; ਅਤੇ
* ਆਪਣੇ ਦੁਆਰਾ ਤਿਆਰ ਕੀਤੇ ਵਰਗ ਅੰਕਾਂ ਨੂੰ ਦਿੱਤੇ ਵਰਗ ਅੰਕਾਂ ਨਾਲ ਮਿਲਾ ਕੇ ਗਲਤ ਜਾਂ ਠੀਕ ਦੀ ਪਛਾਣ ਕਰ ਸਕੋਗੇ।

## N ਲਲਿਤ ਕਲਾਵਾਂ (FINE ARTS)

### ਪਹਿਲੂ ਫਾਰਮੂਲਾ : N[P], [$P_2$], [$P_3$], [$P_4$] : [E]

ਆਰੰਭ ਵਿਚ N ਲਲਿਤ ਕਲਾਵਾਂ ਵਿਸ਼ੇ ਨੂੰ ਪ੍ਰਮਾਣਿਤ ਉਪਵਰਗਾਂ ਜਿਵੇਂ ਕਿ NA ਭਵਨ ਉਸਾਰੀ, NB ਸ਼ਹਿਰੀ ਵਿਉਂਤ, ND ਮੂਰਤੀ ਕਲਾ, NM ਰੇਖਾ–ਚਿੱਤਰ ਕਲਾ, NQ ਚਿੱਤਰਕਾਰੀ, NR ਸੰਗੀਤ, NS ਨਾਚ, ਅਤੇ NT ਨਾਟਕ ਆਦਿ ਵਿਚ ਵੰਡਿਆ ਗਿਆ ਹੈ।

ਹਰ ਇਕ ਪ੍ਰਮਾਣਿਤ ਉਪਵਰਗ ਵਿਚ ਵਿਅਕਤਿੱਤਵ ਪਹਿਲੂ ਘੱਟੋ ਘੱਟ ਤਿੰਨ ਪੱਧਰਾਂ ਵਿਚ ਆਉਂਦਾ ਹੈ। NA ਭਵਨ ਨਿਰਮਾਣ ਕਲਾ ਅਤੇ NB ਸ਼ਹਿਰੀ ਵਿਉਂਤਬੰਦੀ ਵਿਚ [P] ਚਾਰ ਪੱਧਰਾਂ ਵਿਚ ਆਉਂਦੀ ਹੈ।

| | |
|---|---|
| [$P_1$],[$P_2$] | ਜਦੋਂ ਇਕੱਠੇ ਲਏ ਜਾਂਦੇ ਹਨ ਤਾਂ ਇਹ ਉਸ ਕਲਾ ਦੀ ਸ਼ੈਲੀ ਦਰਸਾਉਂਦੇ ਹਨ। |
| [$P_1$] | ਨੂੰ ਥਾਂ ਜੁਗਤ ਅਤੇ [$P_2$] ਨੂੰ ਕਾਲ ਜੁਗਤ ਨਾਲ ਲੈਣਾ ਹੈ। |
| [$P_2$] | ਨੂੰ ਸਿਰਫ ਸਦੀ ਅੰਕ ਤੱਕ ਲੈਣਾ ਹੈ ਭਾਵ ਜਿਸ ਸਦੀ ਵਿਚ ਉਹ ਕਲਾ ਆਰੰਭ ਹੋਈ ਹੋਵੇ ਉਸ ਸਦੀ ਦਾ ਅੰਕ ਲੈਣਾ ਹੈ। |
| [M] | ਮੂਰਤੀ ਦਾ ਮਾਧਿਅਮ ਜਾਂ ਮੂਰਤੀ ਲਈ ਵਰਤੇ ਗਏ ਪਦਾਰਥ ਦੀ ਕਿਸਮ ਹੈ। ਇਹ ਚਿੱਤਰਕਾਰੀ, ਮੂਰਤੀ ਕਲਾ ਅਤੇ ਸੰਗੀਤ ਵਿਚ ਆਉਂਦਾ ਹੈ। |
| [E]cum[2P] | ਇਕ ਵਿਸ਼ੇਸ਼ ਕਲਾ ਵਿਚ ਵਰਤੇ ਗਏ ਢੰਗ ਜਾਂ ਪ੍ਰਕ੍ਰਿਆ ਨੂੰ ਵਿਅਕਤ ਕਰਦੀ ਹੈ ਆਓ ਪ੍ਰਮਾਣਿਤ ਉਪਵਰਗਾਂ ਨੂੰ ਸਮਝਣ ਲਈ ਉਨ੍ਹਾਂ ਦਾ ਅੱਡ–ਅੱਡ ਅਧਿਐਨ ਕਰੀਏ। |

## NA ਭਵਨ ਉਸਾਰੀ (ARCHITECTURE)

### ਪਹਿਲੂ ਫਾਰਮੂਲਾ : NA[$P_1$], [$P_2$] [$P_3$], [$P_4$] : [E]

ਨੋਟ ਕਰੋ [$P_2$] ਅਤੇ [$P_3$] ਦਰਮਿਆਨ ਨਿਯਮਾਂ ਅਨੁਸਾਰ (,) ਕੌਮਾ ਨਹੀਂ ਦਿੱਤਾ ਗਿਆ। [$P_1$] ਅਤੇ [$P_2$] ਮਿਲ ਕੇ ਸ਼ੈਲੀ ਨਿਰਮਾਣ ਕਰਦੇ ਹਨ ਅਤੇ ਕ੍ਰਮਵਾਰ (GD) ਅਤੇ (SD) ਦੁਆਰਾ ਲਏ ਜਾਂਦੇ ਹਨ। (CD) ਸ਼ਤਾਬਦੀ ਅੰਕ ਤੱਕ ਹੀ ਲਈ ਜਾਂਦੀ ਹੈ।

**ਉਦਾਹਰਣਾਂ :**

Mughal Architecture
NA44, J
Indian Architecture of Victorian Era
NA 14, M
European Architecture
NA5
([$P_2$] is absent)

[$P_3$] ਭਵਨ ਦੀ ਕਿਸਮ ਹੈ। ਇਸਦੇ ਇਕੱਲ ਲਿਸਟ ਕੀਤੇ ਗਏ ਹਨ ਅਤੇ ਬਾਕੀ ਹੋਰ ਵਿਸ਼ਾ ਜੁਗਤ ਨਾਲ ਬਣਾਏ ਜਾ ਸਕਦੇ ਹਨ। [$P_4$] ਭਵਨ ਦਾ ਭਾਗ ਜਾਂ ਹਿੱਸਾ ਹੈ।

Hotel Architecture of Victorian India
NA44, M44
Floors of Hotels in Victorian India
NA44, M44, 3
Decoration of Urban Houses in Renaissance Europe
NA5, J33, 99
Models of Elementary Schools in Modern India
NA44, N8(T15): 8
Models Walls of Elementary Schools in India
NA44, N8(T15) 41 : 8
Architecture of Indian Textile Mills Buildings
NA44, 8(M7)
Ceiling Architecture
NA, 633

ਇਸ ਸੂਰਤ ਵਿਚ [$P_1$], [$P_2$] ਅਤੇ [$P_3$] ਤਿੰਨੇ ਹੀ ਗੈਰਹਾਜ਼ਰ ਹਨ। ਪਰ ਪੁਨਰ-ਅਨੁਵਾਦ ਕਰਨ ਸਮੇਂ ਕੁਝ ਉਲਝਣ ਪੈਦਾ ਹੋ ਸਕਦੀ ਹੈ। ਇਹ ਪੱਕਾ ਪਤਾ ਨਹੀਂ ਚਲਦਾ ਕਿ 633[$P_3$] ਹੈ ਜਾਂ [$P_4$]

National Library Architecture
NA, 2213
Plans of Mughal Hospital Ceilings
NA44, J8(L), 633 : 3
Location of Academic Library Buildings in Renaissance Europe
NAS, J223 : 1
Journal of Architectural Research (UK, 1970)
NAm56, N7
Academy of Architecture, Bombay
NA.44.B, e4, A

**NB ਸ਼ਹਿਰੀ ਵਿਉਂਤਬੰਦੀ (TOWN PLANNING)**

NB ਸ਼ਹਿਰੀ ਯੋਜਨਾਬੰਦੀ ਅਤੇ NA ਭਵਨ ਉਸਾਰੀ ਦੇ ਪਹਿਲੂ ਫਾਰਮੂਲੇ ਕਾਫੀ ਮਿਲਦੇ ਜੁਲਦੇ ਹਨ।

$[P_1]$,$[P_2]$ ਸ਼ੈਲੀ ਦਰਸਾਉਂਦੇ ਹਨ

$[P_3]$ ਯੋਜਨਾਬੰਦੀ ਦਾ ਇਲਾਕਾ ਜਿਵੇਂ ਕਿ ਸ਼ਹਿਰ, ਪਿੰਡ ਜਾਂ ਕਸਬਾ ਆਦਿ ਲਿਸਟ ਕੀਤੇ ਗਏ ਹਨ।

$[P_4]$ ਵਿਚ $[P_3]$ ਦੇ ਹਿੱਸੇ ਅਰਥਾਤ ਯੋਜਨਾਬੰਦੀ ਕਰਨ ਵਾਲੀ ਇਮਾਰਤ, ਆਦਿ ਦੇ ਇਕੱਲ ਲਿਸਟ ਕੀਤੇ ਗਏ ਹਨ।

**ਉਦਾਹਰਣਾਂ :**

Theatre in contemporary Indian Villages Planning

NB44, N1, 691: 3

Planning of Village Markets in Victorian England

NB56, M156 : 3

Location of Public Baths in Mughal Towns

NB44, J3, 62 : 1

Town Planning in India Today

NB44, N

Provisions of Parks in Metropolitan Clues

NB, 7, 66

(ਇਥੇ $[P_1]$ ਅਤੇ $[P_2]$ ਗੈਰਹਾਜ਼ਰ ਹਨ।)

Urban and Rural Planning Though (India, 1958+)

NBm44. N8

Guru Ram Das School of Town Planning (Amritsar)

NB.4443,e4, G

Report of the Indian Institute of Town Planners

NB.44, e4, 9Nr

Difference between Town and City Planning

NB, 30n5

## ND ਮੂਰਤੀ ਕਲਾ (SCULPTURE)

## ਪਹਿਲੂ ਸੂਤਰ : ND[P], $[P_2][P_3]$; [M] : [E] [2P]

ਮੂਰਤੀ ਕਲਾ ਦੇ ਪਹਿਲੂ ਫਾਰਮੂਲੇ ਵਿਚ :

$[P_1]$ $[P_2]$ ਪਹਿਲਾਂ ਵਾਂਗ ਹੀ ਸ਼ੈਲੀ ਦਰਸਾਉਂਦੇ ਹਨ।

$[P_3]$ ਮੂਰਤੀ ਦਾ ਵਿਸ਼ਾ ਜਾਂ ਕਿਸਮ ਹੈ।

[M] ਮੂਰਤੀ ਦਾ ਮਾਧਿਅਮ ਜਾਂ ਮੂਰਤੀ ਲਈ ਵਰਤੇ ਗਏ ਪਦਾਰਥ ਦੀ ਕਿਸਮ ਹੈ

[E][2P] ਮੂਰਤੀ ਕਲਾ ਦੀ ਵਿਧੀ ਹੈ।

**ਕੁੱਝ ਉਦਾਹਰਣਾਂ :**

Designing Human Busts in Marbl

ND, 18; 3: 4

(Here $[P_1]$ and $[P_2]$ are absent.)

Bronze Coin Casting in Buddhist India

ND44. C71 ; 5 : 5

Buddhistic Stone Iconography
NQ44, C9(Q4) ; 4
Sculpturing Rocks in Wood
ND, 8(H2) ; 1
Pala Sculpture (Bihar)
ND4453, D.

## NQ ਚਿੱਤਰਕਾਰੀ (PAINTING)

ਇਸਦਾ ਪਹਿਲੂ ਫਾਰਮੂਲਾ ND ਮੂਰਤੀ ਕਲਾ ਵਾਲਾ ਹੀ ਹੈ। [$P_1$], [$P_2$] ਅਤੇ [$P_3$] ਪ੍ਰਮਾਣਿਤ ਉਪਵਰਗ ND ਤੋਂ ਹੀ ਲੈਣੇ ਹਨ, ਜਦੋਂ ਕਿ [M] ਅਤੇ [E] ਦੇ ਇਕੱਲ ਇਸ ਪ੍ਰਮਾਣਿਤ ਉਪਵਰਗ ਲਈ ਅੱਡ ਲਿਸਟ ਕੀਤੇ ਗਏ ਹਨ।

**ਕੁੱਝ ਉਦਾਹਰਣਾਂ :**

Indian Fresco Water Colour Paintings
NQ44 ; 3 : 3
Landscape in Mughal Paintings
NQ44, J3
Preservation of Distempter Paintings about Animal on Glas
NQ, 8(K); 6 : 6 0j98
Comparison of Oil Coloured and Water Coloured Renaissance Fresco Paintings
NQ5, J ; 3 : 30m4
Life of Picaso
NQ541, NwM81
South Indian Society of Painters (Madras)
NQ.441, g, S
Bengali National School of Paintings
NQ4475, N
Kangra School of Paintings (18th century)
NQ443682, L
Paintings Depicting Hindu Myths from the Kangra School of Paintings
NQ443682. L8(Q2 : 1)
Biblical Scienes in Gothic Paintings
NQ5, F8(Q6 : 21)
Paintings on Indian History
NQ, 8(V44)

## NR ਸੰਗੀਤ (MUSIC)

**ਪਹਿਲੂ ਫਾਰਮੂਲਾ : NR[$P_1$], [$P_2$] [$P_3$]; [M] : [E] [2P]**

ਇਸ ਫਾਰਮੂਲੇ ਵਿਚ :

[$P_1$], [$P_2$] ਸ਼ੈਲੀ ਦਰਸਾਉਂਦੇ ਹਨ।
[$P_3$] ਸੰਗੀਤ ਦੀ ਕਿਸਮ ਹੈ।
[M] ਸਾਜ਼ ਹਨ।

[E]cum[2P] ਸੰਗੀਤ ਦੀ ਤਕਨੀਕ ਹੈ। ਇਸਦੇ ਇਕੱਲ ਲਿਸਟ ਨਹੀਂ ਕੀਤੇ ਗਏ। ਇਨ੍ਹਾਂ ਨੂੰ ਲਿਸਟ ਕਰਨਾ ਬਾਕੀ ਹੈ।

Jazz Music

NR75, N

European Orchestra

NR5, 92

Indian Flute

NR44; 22

20th Century American Kettle-drum Dramatic Music

NR73, N91; 42

Life of Pt. Ravi Shanker

NR44wN20

International Music Centre (1961)

NR. 1, d, N6

International Society for Contemporary Music (1922)

NR, N.1, g, 9N2

**ਕਲਾ ਬਾਰੇ ਕੁੱਝ ਆਮ ਉਦਾਹਰਣਾਂ :**

Art Society of India (1918)

N.44, g, 9N2

All India Fine Arts and Craft Society (New Delhi) 1928

N.44, g, 9N2

Bombay Art Society

N.44.B, g, B

Functions of Lalit Kala Akademi (1954)

N.44, d, 9N5 : 2

International Association of Art (1949)

N.1, g, 9N49

Rajeshvari Kala Sangam (Jalandhar)

N.4443, e4, R

Art Journal (USA, 1941+)

Nm73, N4

History of Indian Cinema (1950)

NW44v 'N5

National School of Drama (New Delhi)

NT.44, e4, 9N

Kathak Dance

NS44, J

ਕਲਾ ਦੀਆਂ ਕਲਾਸਕੀ ਕਿਰਤਾਂ ਦਾ ਵਰਗੀਕਰਣ ਕਰਨ ਲੱਗਿਆਂ ਅੰਤਿਮ ਵਰਗ ਅੰਕ ਤੋਂ ਬਾਅਦ 'x' ਲਗਾਇਆ

ਜਾਂਦਾ ਹੈ। 'x' ਨੂੰ ਅੱਗੇ (AD) ਨਾਲ ਵਧਾਇਆ ਜਾਂਦਾ ਹੈ ਜਿਸ ਲਈ ਕਲਾਕਾਰ ਦਾ ਨਾਂ ਵਰਤਿਆ ਜਾਂਦਾ ਹੈ। ਇਸਤੋਂ ਬਾਅਦ (AD) ਜੁਗਤ ਨਾਲ ਹੀ ਕਿਰਤ ਪਹਿਲੂ, ਕਿਸੇ ਵਿਸ਼ੇਸ਼ ਕਲਾ ਕਿਰਤ ਲਈ ਲਗਾਇਆ ਜਾਂਦਾ ਹੈ।

Leonardo da Vinci's Monalisa

NQ52, JxL, M

Last Supper by Leonardo da Vinci

NQ52, JxL, L

Collection of Rabindranath Tagore's Paintings

NQ4475, NxT

Beethoven's Namensfair (an orchestral music)

NR55, M92xB, N

## P ਭਾਸ਼ਾ ਵਿਗਿਆਨ (LINGUISTICS)

## ਪਹਿਲੂ ਫਾਰਮੂਲਾ : P[P], [$P_2$] [$P_3$] : [E] [2P]

ਭਾਸ਼ਾ ਵਿਗਿਆਨ ਦੀ ਅਨੁਸੂਚੀ ਸਰਲ ਵੀ ਮੰਨੀ ਜਾ ਸਕਦੀ ਹੈ ਅਤੇ ਔਖੀ ਵੀ। ਮੂਲ ਔਕੜ [$P_2$] ਵਿਚ ਆਉਂਦੀ ਹੈ, ਜਿਸ ਵਿਚ ਇਕ ਨਹੀਂ ਦੋ ਪਹਿਲੂ ਆਉਂਦੇ ਹਨ। ਇਹ ਇਕ ਨਿਵੇਕਲੀ ਗੱਲ ਹੈ। ਇਹ ਉਪ ਭਾਸ਼ਾ ਜਾਂ ਭਾਸ਼ਾ ਦਾ ਜ਼ਮਾਨਾ ਹੈ ਜਾਂ ਦੋਨੋਂ ਹਨ। ਭਾਸ਼ਾ ਦੀ ਉਪ-ਭਾਸ਼ਾ ਤੋਂ ਭਾਵ ਭੂਗੋਲਿਕ ਦੂਰੀਆਂ ਕਾਰਨ ਪੈਦਾ ਹੋਏ ਬਦਲਾਵ ਤੋਂ ਹੁੰਦਾ ਹੈ। ਇੰਝ ਇਕ ਭਾਸ਼ਾ ਦੀਆਂ ਦਿੱਤੇ ਕਾਲ ਵਿਚ ਵੱਖ ਵੱਖ ਉਪ-ਭਾਸ਼ਾਵਾਂ ਜਾਂ ਉਪ-ਬੋਲੀਆਂ ਹੋਂਦ ਵਿਚ ਆਉਂਦੀਆਂ ਹਨ। ਇਸਨੂੰ 9D ਲਗਾ ਕੇ ਅਤੇ ਅੱਗੇ (GD) ਨਾਲ ਤੀਬਰ ਕਰਕੇ ਬਣਾਇਆ ਜਾਂਦਾ ਹੈ, ਭਾਵ ਉਹ ਖੇਤਰ ਜਿਥੇ ਉਹ ਉਪ-ਭਾਸ਼ਾ ਬੋਲੀ ਜਾਂਦੀ ਹੈ।

[$P_2$] ਵਿਚ ਭਾਸ਼ਾ ਦੇ ਕਾਲਾਂਤਰ ਪੜਾਅ ਵੀ ਆਉਂਦੇ ਹਨ। ਇਸ ਤੋਂ ਭਾਵ ਹੈ ਕਿ ਕਿਸੇ ਦਿੱਤੀ ਭਾਸ਼ਾ ਵਿਚ ਦਿਤੇ ਕਾਲ ਦੌਰਾਨ ਕੀ ਬਦਲਾਵ ਆਏ। ਹਰ ਇਕ ਭਾਸ਼ਾ ਵਿਚ ਸਮੇਂ ਨਾਲ ਬਦਲਾਅ ਆਉਂਦੇ ਹਨ। ਇਹ ਬਦਲਾਵ ਬਹੁਤ ਮੱਧਮ ਗਤੀ ਨਾਲ ਆਉਂਦੇ ਹਨ ਅਤੇ ਇਨ੍ਹਾਂ ਦਾ ਪ੍ਰਭਾਵ ਸਦੀਆਂ ਬੀਤ ਜਾਣ ਉਪਰੰਤ ਮਹਿਸੂਸ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਭਾਸ਼ਾ ਦੇ ਜਨਮ ਵਾਲੀ ਸ਼ਤਾਬਦੀ ਦੇ ਅੰਕ ਨਾਲ ਸੂਚਿਤ ਕੀਤਾ ਜਾਂਦਾ ਹੈ। ਸਪਸ਼ਟ ਹੈ ਕਿ ਜ਼ਮਾਨਾ (CD) ਨਾਲ ਸੂਚਿਤ ਕੀਤਾ ਜਾਂਦਾ ਹੈ ਅਤੇ ਜੇਕਰ ਕਿਸੇ ਵਰਗ ਅੰਕ ਵਿਚ ਉਪ-ਭਾਸ਼ਾ ਅਤੇ ਬਦਲਾਵ ਦਾ ਕਾਲ ਦੋਨੋਂ ਹੀ ਵਿਅਕਤ ਕਰਨੇ ਹੋਣ ਤਾਂ ਪਹਿਲਾਂ ਉਪ-ਭਾਸ਼ਾ ਆਉਂਦੀ ਹੈ ਅਤੇ ਉਸਤੋਂ ਅੱਗੇ ਬਦਲਾਵ ਵਾਲਾ ਕਾਲ ਜਾਂ 'ਜ਼ਮਾਨਾ' ਲਗਾਇਆ ਜਾਂਦਾ ਹੈ। ਉਪ ਭਾਸ਼ਾ ਅਤੇ ਕਾਲਾਂਤਰ ਦਰਮਿਆਨ (,) ਚਿੰਨ੍ਹ ਲਗਾਇਆ ਜਾਣਾ ਚਾਹੀਦਾ ਹੈ। (ਵੇਖੋ CC6 ਦਾ ਨਿਯਮ P92Z ਪੰਨਾ 1.105).

ਪਹਿਲੂ ਫਾਰਮੂਲੇ ਦੀ ਵਿਆਖਿਆ :

| | |
|---|---|
| [P] | ਭਾਸ਼ਾ। |
| [$P_2$] | ਉਪ-ਭਾਸ਼ਾ ਜਾਂ ਭਾਸ਼ਾ ਦਾ ਜ਼ਮਾਨਾ ਜਾਂ ਦੋਨੋਂ ਹਨ। |
| [$P_3$] | ਭਾਸ਼ਾ ਦੇ ਤੱਤ ਹਨ। |
| [E] [2P] | ਭਾਸ਼ਾ ਦੇ ਕ੍ਰਿਆਤਮਕ ਪਹਿਲੂ ਹਨ। |

ਉਪਰ ਲਿਖੇ ਅਨੁਸਾਰ ਪਹਿਲੂ ਫਾਰਮੂਲਾ ਇੰਝ ਬਣਦਾ ਹੈ :

P[ਭਾਸ਼ਾ], [ਉਪ-ਭਾਸ਼ਾ], [ਕਾਲਾਂਤਰ ਜਾਂ ਜ਼ਮਾਨਾ], [ਤੱਤ] : [ਸਮੱਸਿਆ]

**ਕੁੱਝ ਉਦਾਹਰਣਾਂ ਅਤੇ ਉਨ੍ਹਾਂ ਦੇ ਹੱਲ :**

English Language

P111

Modern English

P111, J

(Here in [$P_2$] variant is absent, only stage is present.)

Dialects of English
P111, 9D
Dialect of
Nottinghamshire Dialect of English
P111, 9D56176
Nottinghamshire Dialect of Modern English
P111, J, 9D56176
Clause Analysis of London Dialect of Modern English
P111, J, 9D56124, 5:33

ਵਿਗੜੀ ਬੋਲੀ ਦੇ ਸੰਦਰਭ ਵਿਚ ਫਾਰਮੂਲੇ ਵਿਚ ਥੋੜੀ ਬਦਲ ਆਉਂਦੀ ਹੈ। ਇਥੇ 9J ਨੂੰ (GD) ਨਾਲ ਵਧਾਇਆ ਜਾਂਦਾ ਹੈ ਅਤੇ ਉਸਤੋਂ ਬਾਅਦ (,) ਚਿੰਨ੍ਹ ਲਗਾ ਕੇ (CD) ਨਾਲ ਦਿੱਤਾ ਕਾਲਾਂਤਰ ਜੋੜਿਆ ਜਾਂਦਾ ਹੈ।

Anglo-Indian Jargon
P111, 9J44, L
Contemporary Lakhnavi Urdu
(Lucknow Dialect of Contemporary Urdu)
P168, N, 9D445292
A Dictionary of Contemporary Canadian-French Phrases
P122, N, 9D72, 4: 4k
Sri Lankan Dialect of Tamil
P31, 9D4498
Dialects of Korean Language
P495, 9D
(Korean Language has been got by (GD))
A Linguistic Study of the Wu Language
(Chinese Dialect spoken in Chekiang)
P41, 9D4113
Semasiology of Thai Dialects
P433, 9D : 4

ਬਣਾਉਟੀ ਅਤੇ ਹੋਰ ਭਾਸ਼ਾਵਾਂ ਬਣਾਉਣ ਦੇ ਨਿਯਮ ਜਿਹੜੀਆਂ ਪੰਨੇ 2.26 ਤੋਂ 2.27 ਤੇ ਲਿਸਟ ਨਹੀਂ ਕੀਤੀਆਂ ਗਈਆਂ ਉਨ੍ਹਾਂ ਦਾ ਨਿਯਮਾਂ ਵਾਲੇ ਭਾਸ਼ਾ ਇਕੱਲਾਂ ਦੇ ਚੈਪਟਰ ਵਿਚ ਵੇਰਵਾ ਦਿੱਤਾ ਗਿਆ ਹੈ।

Grammar of Bihari Language
P1594473: 5
A Study of Verbs of Korean Language
P495, 35
Old Hindi Phonology
P152, D: 1
Middle Hindi Words
P152, F3

ਧਿਆਨ ਦਿਓ ਜੇਕਰ [$P_3$] ਤੋਂ ਤੁਰੰਤ ਬਾਅਦ ਸਟੇਜ ਪਹਿਲੂ ਆਉਂਦਾ ਹੈ ਤਾਂ [$P_2$] ਅਤੇ [$P_3$] ਵਿਚਕਾਰ (,) ਲਗਾਉਣ ਦੀ ਲੋੜ ਨਹੀਂ।

Analysis of Simple Clauses in Vedic Sanskrit

P15, A561 : 33

Borrowed Words in Modern Hindi

P152, M305

Vowel Pronounciation in Old French

P122, A11 : 1

Chhatisgarhi Hindi Phrases

P152, 9D447111, 4

ਪਹਿਲੂ ਫਾਰਮੂਲੇ ਦਾ ਇਕ ਵਿਸ਼ੇਸ਼ ਅਪਵਾਦ 4 ਤੋਂ 58 ਊਰਜਾ ਪਹਿਲੂਆਂ ਅਤੇ ਤੱਤ ਅੰਕ [$P_3$] 3 ਦੇ ਇਕੱਠੇ ਆਉਣ ਤੇ ਪੈਦਾ ਹੁੰਦਾ ਹੈ। ਅਜਿਹੀ ਸੂਰਤ ਵਿਚ ਤੱਤ ਨਾਂ 3[$P_3$] ਛੱਡ ਦਿੱਤਾ ਜਾਂਦਾ ਹੈ।

Borrowing of Words in Punjabi Language

P153, 3: 58 = P153: 58

Coining New Words in Russian Language

P142: 53

A Dictionary of Phrase Meanings of English Jargon

P111, 9J, 4: 4k

Hindi *Kahavte*

P152, 6: 4

ਸੀ ਸੀ ਵਿਚ ਦੋ ਭਾਸ਼ੀ ਸ਼ਬਦਕੋਸ਼ ਦੇ ਵਰਗ ਅੰਕ ਬਣਾਉਣੇ ਔਖੇ ਨਹੀਂ ਜਾਪਦੇ। ਜਿਸ ਭਾਸ਼ਾ ਵਿਚ ਸ਼ਬਦ ਦਿੱਤਾ ਹੁੰਦਾ ਹੈ। ਉਸਨੂੰ ਹੀ [P] ਪਹਿਲੂ ਵਿਚੋਂ ਲਿਆ ਜਾਂਦਾ ਹੈ। ਜਿਹੜੀ ਭਾਸ਼ਾ ਵਿਚ ਅਰਥ ਦਿੱਤਾ ਹੁੰਦਾ ਹੈ ਉਸਨੂੰ ਵਿਅਕਤ ਕਰਨ ਵਾਲੀ ਭਾਸ਼ਾ ਮੰਨਿਆ ਜਾਂਦਾ ਹੈ ਅਤੇ ਇਸਨੂੰ ਪੁਸਤਕ ਅੰਕ ਵਿਚ ਥਾਂ ਦਿੱਤਾ ਜਾਂਦਾ ਹੈ।

Sanskrit-Hindi Dictionary

P15: 4k

Sanskrit-English Dictionary

P15: 4k

Old German-English Dictionary

P113, D: 4k

Specialized Subject Dictionaries are to be put in their Respective Subjects.

Dictionary of Science in English

A: (P111) k

English-Punjabi Dictionary of Political Science Terms

W: (P111) k

":(G)" is to be put for Comparative Study of Languages.

Comparative Study of Dravidian Languages

P3: (G)

Some of the Isolates in [$P_3$] have there own Common Isolates:

Nasal Mixed Vowels of the English Language

P111, 11508

ਇਥੇ 08 ਸਾਂਝਾ ਇਕੱਲ ਅਨੁਨਾਸਿਕ ਵਰਣ ਵਜੋਂ ਕੰਮ ਕਰਦਾ ਹੈ। ਇਹ ਸਾਂਝਾ ਇਕੱਲ ਹੋਣ ਕਾਰਨ ਇਸਨੂੰ ਅੰਤਿਮ ਵਰਗ ਅੰਕ P111, 115 Mixed Vowels of English Language ਨਾਲ ਲਗਾਇਆ ਜਾਂਦਾ ਹੈ। ਇਸਤੋਂ ਭਾਵ ਹੈ 08 ਵਿਸ਼ੇਸ਼ ਕਿਸਮ ਦਾ (ACI) ਹੈ।

Lateral Bilabial Consonants of Pakistani Punjabi

P153, 9D44Q7, 15802

Predental Voiced Consonants

P, 166

Fricative Predental Voiced Consonants

P, 16604

Plosive Closed Unvoiced Consonants

P, 17101

Circular Rolled Unvoiced Consonants of Burmese Language

P438, 17203

Grammatical Aspects of Composing English Poetry

P111, 71: 2

Figure of Speech in Novels - A Linguistic Study

P; 73: 75

ਵੇਦਾਂ ਦੇ ਵਿਆਕਰਣਿਕ ਅਧਿਐਨ ਲਈ ਵੈਦਿਕ ਸੰਸਕ੍ਰਿਤ 'P15,A' ਲਈ ਇਕ ਅਨੋਖਾ ਨਿਯਮ ਦਿੱਤਾ ਗਿਆ ਹੈ। ਇਸ ਕੇਸ ਵਿਚ A ਤੋਂ ਪਹਿਲਾਂ ਘੱਟ ਤੋਂ ਘੱਟ ਦੋ ਪਦ ਆਉਂਦੇ ਹਨ – ਪਹਿਲਾ ਪਦ ਵੇਦ ਵਿਸ਼ੇਸ਼ ਦੇ ਨਾਂ ਅਤੇ ਦੂਜਾ ਉਸ ਵੇਦ ਦੀ ਛਾਪ ਜਾਂ ਸੰਸਕਰਣ ਨੂੰ ਵਿਅਕਤ ਕਰਦਾ ਹੈ। ਇਹ ਦੋਵੇਂ ਪਦ (digits) ਸੀ ਸੀ ਭਾਗ 3 ਦੇ ਪੰਨਾ 3.22 ਤੇ Q Religion ਵਿਚੋਂ ਲਏ ਜਾਂਦੇ ਹਨ।

Grammar of Sama Veda

P15, 31A: 2

The digits 31 preceding A have been taken from Q131 Sama Veda.

Tense in Vajasaneya

P15, 26A: 27

Taittiriya Word Composition

P15, 25A3: 291

Vedic Sanskrit Adverbs

P15, A36

ਦੂਜੇ ਵਿਸ਼ਿਆਂ ਵਾਂਗ ਹੀ ਕਿਸੇ ਭਾਸ਼ਾ ਦੀ ਅਧਿਐਨ ਵਿਧੀ ਲਈ T Education ਵਿਚ ਵਰਗ ਅੰਕ ਬਣਦਾ ਹੈ।

Teaching of English Language to Foreigners in England

T35: 3(P111). 561

Teaching of Hindi Language in Secondary Schools

T2: 3(P152)

Teaching of Mother-Tongue in Elementary Schools

T15: 3(PI)

Teaching of Classical Languages in Universities through Mother-Tongue

T4: 3(P8), 31

A Comparative Study of Phrases and Clauses

P. 40m5

Difference in the Translation Technique of Simple and Complex Sentences of English Language

P111, 6013w7: 795

Journal of Language of Poems (USA, 1972+)

P, 71m73, N7

Anuvad: A Journal of Translation, (1964+)

P: 795m44, N64

All India Seminar on Linguistics (New Delhi, 1975+)

Pp44, N75

Bibliography on Linguistic Research in India (1973)

P: f.44aN7

A Comparative Study of Indian Languages

P44: (G)

A Comparative Grammar

P: 5: (G)

## Q ਧਰਮ (RELIGION)

### ਪਹਿਲੂ ਫਾਰਮੂਲਾ : Q[P] : [E] 2[P]

ਕੋਲਨ ਵਰਗੀਕਰਣ ਵਿਚ ਧਰਮ ਦੀ ਅਨੁਸੂਚੀ ਕਾਫੀ ਸਰਲ ਹੈ। ਭਾਰਤੀ ਮੂਲ ਦੇ ਧਰਮਾਂ ਦੇ ਸੰਦਰਭ ਵਿਚ ਕੁਝ ਧਰਮਾਂ ਖਾਸ ਕਰਕੇ ਹਿੰਦੂ ਧਰਮ ਵਿਚ ਸੂਖਮ ਵਰਗੀਕਰਣ ਲਈ ਥਾਂ ਬਣਾਈ ਗਈ ਹੈ।

ਧਰਮ ਦੇ ਪਹਿਲੂ ਫਾਰਮੂਲੇ ਵਿਚ :

[P] ਧਰਮ ਹੈ। ਇਸ ਵਿਚ ਲਗਭਗ ਸਾਰੇ ਇਕੱਲ ਲਿਸਟ ਕੀਤੇ ਗਏ ਹਨ। ਬਾਕੀ (GD) ਜਾਂ (CD) ਨਾਲ ਬਣਾਏ ਜਾ ਸਕਦੇ ਹਨ, ਜਿਨ੍ਹਾਂ ਬਾਰੇ ਅਨੁਸੂਚੀ ਵਿਚ ਇਸ਼ਾਰਾ ਕੀਤਾ ਗਿਆ ਹੈ।

[E]cum[2P] ਧਾਰਮਕ ਅਭਿਆਸ, ਵਿਸ਼ਵਾਸ ਅਤੇ ਸੰਸਥਾਵਾਂ ਲਿਸਟ ਕੀਤੀਆਂ ਗਈਆਂ ਹਨ।

**ਕੁੱਝ ਉਦਾਹਰਣਾਂ :**

Rigvedic Mythology

Q11: 1

Religious Practices of Ahmadiya Muslims

Q78M9: 4

Kathaka Grahyasutra

Q122 : 42

Kanva Dharmasutra

Q128 : 44

Saunakiya Samhita

Q141 : 21

Taittirya Gotrapravara

Q125 : 46

Religious Rites in Parsis's Marriage

Q8451 : 427

Bible

Q6 : 21

ਧਰਮ ਗ੍ਰੰਥਾਂ ਲਈ Q : 2 ਵਰਗ ਅੰਕ ਹੈ। ਇਸਨੂੰ ਕਿਸੇ ਧਰਮ ਦੀ ਲੋੜ ਅਨੁਸਾਰ ਵੰਡਿਆ ਜਾ ਸਕਦਾ ਹੈ। ਸੀ ਸੀ ਦੇ ਤੀਜੇ ਭਾਗ ਵਿਚ ਰੰਗਾਨਾਥਨ ਨੇ ਆਮ ਤੌਰ ਤੇ ਭਾਰਤੀ ਅਤੇ ਕੁਝ ਵਿਦੇਸ਼ੀ ਕਲਾਸਕੀ ਧਾਰਮਕ ਗ੍ਰੰਥਾਂ ਨੂੰ ਵਿਸਤਾਰਪੂਰਵਕ ਲਿਸਟ ਕੀਤਾ ਹੈ। ਉਨ੍ਹਾਂ ਦੇ ਵਰਗ ਅੰਕ ਕਲਾਸਕੀ ਜੁਗਤ ਨਾਲ ਬਣਾਏ ਗਏ ਹਨ। 3.32 ਪੰਨੇ ਤੇ ਬਾਈਬਲ ਅਤੇ ਇਸਦੀਆਂ ਹੋਰ ਪੁਸਤਕਾਂ ਨੂੰ ਹੇਠ ਲਿਖੇ ਅਨੁਸਾਰ ਲਿਸਟ ਕੀਤਾ ਗਿਆ ਹੈ :

Q6: 21

Bible

Q6: 22

Old Testament

Q6: 2225

Songs of Solomon

Q6: 23

New Testament

Q6: 231

St. Matthew

Q6: 235 Acts

Q6: 294

Apomypha

ਇਸੇ ਤਰ੍ਹਾਂ,

Sri Guru Granth Sahib (Sikh Scriptures)

Q8441: 2

Sri Guru Nanak Dev Ji – The Founder of Sikh Religion

Q8441: 33

Biography of Jesus Christ

Q6: 33y7

Lives of Biblical Saints

Q6: 332y7

The Holy Quran

Q7: 2

Traditions in Zen Buddhism

Q4596: 26

Q:38 ਸਥਲ ਪੁਰਾਣ ਦੀ [E]38 ਨੂੰ ਅੱਗੇ (GD) ਨਾਲ ਵਧਾਇਆ ਗਿਆ ਹੈ। ਇਸਨੂੰ ਭੂਗੋਲਿਕ ਇਕੱਲ 44 ਵਾਂਗ

ਵੰਡਿਆ ਗਿਆ ਹੈ।

Sthala Puranas of South Indian (Space Isolate for South India is 441)

Q2: 381

Sthala Puranas of Kanshi

Q2 : 385213

Sthala Purana of Madura

Q2: 38134

(The (Space Isolate) for Madura is 44134 and for Kanshi it is 445213)

Hindu Temples

Q2: 45

Influence of Scriptures on Mythology

Q: 10r2

A Comparative Study of the Sacred Books of Buddhists and Jains

Q3 0m4: 2

Difference between Roman Catholic and Protestants Traditions

Q620w3: 26

Catholic Digest (India, 1960+)

Q62m44, N6

Hindu Vishva (India, 1966+)

Q22m44, N6

Journal of Religion (US, 1882)

Qm73, M8

Journal of Sikh Studies (India 1974+)

Q8441m44, N74

Tradition: Journal of Orthodox Jewish Thought (1958+)

Q5m73, N5

International Theosophical Society (1877)

QM: 68. 1,g, 9M

YMCA (India)

Q6: 6811.44,g, 9N

World Council of Churches (1948+)

Q6 : 6.1,g, 9N4

### ਸਵੈ-ਨਿਰੀਖਣ ਲਈ ਅਭਿਆਸ - 5

1. Architecture of American Textiles Mills Building.
2. Model of Elementary Schools in Modern Delhi.
3. Theatre in Contemporary Pakistan Villages Planning.
4. Iconography

5. Journal of Indian Film Culture (1962)
6. Collection of Munsi Premchand's Paintings.
7. Hindi English Dictionary (1960).
8. English Typewriting
9. Journal of English published from Mumbai (1989)
10. Composition of Words in Classical Hindi
11. A Study of the Rebirth according to Hindu Religion.
12. Quran : A Holy Book of Muslims.
13. Sikh Religious Institutions.
14. English-Hindi Dictionary of Quran.

## ਅੱਗੇ ਪੜ੍ਹਨ ਲਈ ਪੁਸਤਕਾਂ

1. ਰੰਗਾਨਾਥਨ (ਐਸ.ਆਰ.). ਕੋਲਨ ਕਲਾਸੀਫਿਕੇਸ਼ਨ, ਸੰਸ. 6. ਬੰਗਲੌਰ : ਸ਼ਾਰਦਾ ਰੰਗਾਨਾਥਨ ਅੰਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1960.
2. ਕੌਲਾ (ਪੀ.ਐਨ.). ਏ ਟਰੀਟਾਈਜ਼ ਆਨ ਕੋਲਨ ਕਲਾਸੀਫਿਕੇਸ਼ਨ, ਸਟਰਲਿੰਗ ਪਬਲਿਸ਼ਰਜ਼, 1985.
3. ਰੰਗਾਨਾਥਨ (ਐਸ.ਆਰ.). ਐਲੀਮੈਂਟਸ ਆਫ ਲਾਇਬਰੇਰੀ ਕਲਾਸੀਫਿਕੇਸ਼ਨ, ਸੰਸ. 3, ਬੰਗਲੌਰ : ਸ਼ਾਰਦਾ ਅਡੋਵਮੈਂਟ ਫਾਰ ਲਾਇਬਰੇਰੀ ਸਾਇੰਸ, 1989.
4. ਸਤੀਜਾ (ਐਮ.ਪੀ.). ਮੈਨੂਅਲ ਫਾਰ ਪ੍ਰੈਕਟੀਕਲ ਕਲਾਸੀਫਿਕੇਸ਼ਨ ਸੋਧਤ ਸੰਸ. 3. ਨਵੀਂ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1995.
5. ਸਚਦੇਵਾ (ਐਮ.ਐਸ.). ਕੋਲਨ ਕਲਾਸੀਫਿਕੇਸ਼ਨ : ਥਿਓਰੀ ਐਂਡ ਪ੍ਰੈਕਟਿਸ. ਨਿਊ ਦਿੱਲੀ : ਸਟਰਲਿੰਗ ਪਬਲਿਸ਼ਰਜ਼, 1975.

**ਪਾਠ ਨੰ. 1.10** **ਲੇਖਕ : ਡਾ. ਐਮ.ਪੀ.ਸਤੀਜਾ ਅਤੇ ਡਾ. ਕੇ.ਪੀ.ਸਿੰਘ**
**ਅਨੁਵਾਦਕ : ਡਾ. ਜਸਮੇਰ ਸਿੰਘ**

## ਦਰਸ਼ਨ ਸ਼ਾਸਤਰ ਲਾਭਦਾਇਕ ਕਲਾਵਾਂ ਅਤੇ ਆਤਮਕ ਤਜਰਬਾ ਤੇ ਰਹੱਸਵਾਦ

### ਉੱਦੇਸ਼

ਇਸ ਪਾਠ ਵਿਚ ਦਰਸ਼ਨ ਸ਼ਾਸਤਰ, ਲਾਭਦਾਇਕ ਕਲਾਵਾਂ ਅਤੇ ਆਤਮਕ ਤਜਰਬਾ ਤੇ ਰਹੱਸਵਾਦ ਤਿੰਨ ਮੁੱਖ ਵਿਸ਼ਿਆਂ ਲਈ ਵਰਗ ਅੰਕ ਬਣਾਉਣ ਦੀਆਂ ਵਿਧੀਆਂ ਅਤੇ ਪ੍ਰੈਕਟਿਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਜਾਵੇ ਗਾ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਇਸ ਪਾਠ ਵਿਚ ਵਿਚਾਰੇ ਗਏ ਮੁੱਖ ਵਿਸ਼ਿਆਂ ਨਾਲ ਸੰਬੰਧਤ ਸੰਯੁਕਤ ਅਤੇ ਜਟਿਲ ਵਰਗ ਅੰਕ ਬਣਾਉਣ ਬਾਰੇ ਜਾਣ ਸਕੋਗੇ ;
* ਪ੍ਰਲੇਖਾਂ ਦੀ ਵਰਗੀਕਰਣ ਪ੍ਰਕ੍ਰਿਆ ਅਤੇ ਪਹਿਲੂ ਫਾਰਮੂਲੇ ਤੋਂ ਵਾਕਿਫ ਹੋ ਜਾਵੋਗੇ ;
* ਦਿੱਤੇ ਸਿਰਲੇਖਾਂ ਦੇ ਵਰਗ ਅੰਕ ਬਣਾਉਣ ਲਗ ਪਵੋਗੇ ; ਅਤੇ
* ਆਪਣੇ ਦੁਆਰਾ ਤਿਆਰ ਕੀਤੇ ਵਰਗ ਅੰਕਾਂ ਨੂੰ ਦਿੱਤੇ ਵਰਗ ਅੰਕਾਂ ਨਾਲ ਮਿਲਾ ਕੇ ਗਲਤ ਜਾਂ ਠੀਕ ਦੀ ਪਛਾਣ ਕਰ ਸਕੋਗੇ।

## R ਦਰਸ਼ਨ ਸ਼ਾਸਤਰ (PHILOSOPHY)

### ਪਹਿਲੂ ਫਾਰਮੂਲਾ : R[P], [$P_2$] : [E] [2P]

ਅੱਜਕਲ ਦਰਸ਼ਨ ਸ਼ਾਸਤਰ ਦੀ ਕਾਰਜਵਿਧੀ ਦੇ ਰੂਪ ਵਿਚ ਵਧੇਰੇ ਵਰਤੋਂ ਕੀਤੀ ਜਾਣ ਲਗ ਪਈ ਹੈ। ਸੀ ਸੀ ਵਿਚ ਇਸਨੂੰ ਸਭ ਤੋਂ ਪਹਿਲਾਂ ਪ੍ਰਮਾਣਿਤ ਉਪ ਵਰਗਾਂ - ਜਿਵੇਂ ਕਿ ਤਰਕ ਸ਼ਾਸਤਰ, ਗਿਆਨ ਮੀਮਾਂਸਾ, ਅਧਿਆਤਮਕ ਵਿਦਿਆ ਅਤੇ ਨੀਤੀ ਸ਼ਾਸਤਰ ਆਦਿ - ਵਿਚ ਵੰਡਿਆ ਗਿਆ ਹੈ। R6 ਤੋਂ R8 ਵਿਚ ਦਰਸ਼ਨ ਸ਼ਾਸਤਰ ਦੀਆਂ ਬਹੁਤ ਸਾਰੀਆਂ ਪ੍ਰਣਾਲੀਆਂ ਦਿੱਤੀਆਂ ਗਈਆਂ ਹਨ। R6 ਨੂੰ ਸਭ ਤੋਂ ਵੱਧ ਹਰਮਨਪਿਆਰੀ ਪ੍ਰਣਾਲੀ ਲਈ ਸੁਰਕਸ਼ਿਤ ਰੱਖਿਆ ਗਿਆ ਹੈ, ਅਤੇ ਇਸਨੂੰ ਭਾਰਤੀ ਦਰਸ਼ਨ ਸ਼ਾਸਤਰ ਵਿਸ਼ਾ ਦਿੱਤਾ ਗਿਆ ਹੈ। R7 ਦੂਜੇ ਦਰਜੇ ਦੀ ਹਰਮਨਪਿਆਰੀ ਪ੍ਰਣਾਲੀ ਲਈ ਵਰਤਿਆ ਗਿਆ ਹੈ। ਬਾਕੀ ਸਾਰੇ ਦੇਸ਼ਾਂ ਦੇ ਦਰਸ਼ਨ ਸ਼ਾਸਤਰ R8 ਵਿਚ ਰੱਖੇ ਗਏ ਹਨ, ਜਿਥੇ R8 ਨੂੰ (GD) ਨਾਲ ਵਧਾਇਆ ਜਾਂਦਾ ਹੈ। ਇਹ ਇਕ ਵੱਖਰੀ ਕਿਸਮ ਹੈ ਜਿਥੇ ਪ੍ਰਣਾਲੀ ਪਹਿਲੂ (CD) ਦੀ ਥਾਂ (GD) ਨਾਲ ਤਿਆਰ ਕੀਤੇ ਗਏ ਹਨ। ਅਸਤਿੱਤਵਵਾਦ ਵਰਗੇ ਵਿਸ਼ਿਆਂ ਲਈ ਦਰਸ਼ਨ ਸ਼ਾਸਤਰੀ ਸੰਕਲਪਾਂ ਲਈ ਸੰਖੇਪ ਵਰਗ ਅੰਕ ਬਣਾਉਣ ਦੀ ਕੋਈ ਵਿਧੀ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਸਿਰਫ ਉਸ ਦੇਸ਼ ਦੇ ਦਰਸ਼ਨ ਸ਼ਾਸਤਰ ਵਿਚ ਰੱਖਿਆ ਜਾ ਸਕਦਾ ਹੈ ਜਿਥੇ ਉਹ ਹੋਂਦ ਵਿਚ ਆਏ।

Symbolic Logic
R14

Fundamental Categories
R199

ਬਹੁਤ ਸਾਰੀਆਂ ਸ਼੍ਰੇਣੀਆਂ ਨੂੰ ਪ੍ਰਣਾਲੀਆਂ (Systems) ਮੰਨ ਕੇ ਉਨ੍ਹਾਂ ਲਈ (CD) ਦੁਆਰਾ ਮਨੌਤਾਂ ਜਾਂ ਅਭਿਧਾਰਣਾਵਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ।

Aristotle's Views on Categories
R199C

Ranganathan's Five Fundamental Categories

R199N5

ਬਹੁਤੇ ਵਿਸ਼ਿਆਂ ਦੇ ਤਰਕ-ਸ਼ਾਸਤਰੀ ਅਧਿਐਨ ਉਨ੍ਹਾਂ ਵਿਸ਼ਿਆਂ ਦੇ ਨਾਲ ਹੀ (SD) ਲਗਾ ਕੇ ਬਣਾਏ ਜਾਂਦੇ ਹਨ।

Philosophy of History

V : (R)

Philosophy of Mathematics

B : (R)

ਪਰ ਧਰਮ ਵਿਸ਼ੇ ਦਾ ਤਰਕ-ਸ਼ਾਸਤਰੀ ਅਧਿਐਨ R3 Metaphysics ਵਿਚ ਹੀ [$P_2$] ਵਿਚ SD ਦੁਆਰਾ ਬਣਾਇਆ ਗਿਆ ਹੈ। **ਇੰਝ R3 ਦਾ ਪਹਿਲੂ ਫਾਰਮੂਲਾ :**

**R3 [P], [$P_2$]**

[$P_1$] ਦ੍ਰਿਸ਼ਟੀ ਹੈ। ਇਸਦੇ ਇਕੱਲ ਲਿਸਟ ਕੀਤੇ ਹਨ।

[$P_2$] ਵਿਸ਼ਾ ਹੈ। ਇਸਨੂੰ ਵਿਸ਼ਾ ਜੁਗਤ (SD) ਰਾਹੀਂ ਹੀ ਲੈਣਾ ਹੈ।

Christian Philosophy

R3, (Q6)

Metaphysics of Number Theory

R3, (B12)

Economic Value

R37,(X)

ਇਸੀ ਤਰ੍ਹਾਂ **ਨੀਤੀ ਸ਼ਾਸਤਰ ਦਾ ਪਹਿਲੂ ਫਾਰਮੂਲਾ :**

**R4 [P], [$P_2$]**

[P] ਨੀਤੀ ਸ਼ਾਸਤਰ ਦਾ ਵਿਸ਼ਾ ਖੇਤਰ ਹੈ।

[$P_2$] ਇਸਨੂੰ ਵਿਸ਼ੇ ਨੂੰ ਸੀਮਤ ਕਰਨਾ ਜਾਂ ਹੱਦਬੰਦੀ ਕਰਨਾ ਕਿਹਾ ਜਾ ਸਕਦਾ ਹੈ।

Family Ethics of Royalty

R42, (Y51)

State Ethics in a Representative Democracy

R43W61

Ethics in Indoor Games

R463

Ethics about Temperence among the Leaders

R413, (Y48)

Buddhist Kindness Towards Animals

R47, (Q4)

Ethics of Librarianship

R442

Personal Ethics of Economists

R41-4X

**R6 ਭਾਰਤੀ ਦਰਸ਼ਨ ਲਈ ਪਹਿਲੂ ਫਾਰਮੂਲਾ :**

**R6 [$P_1$], [$P_2$]**

[$P_1$] ਭਾਰਤੀ ਦਰਸ਼ਨ ਸ਼ਾਸਤਰ ਦੀ ਉਪਵੰਡ ਹੈ।

[$P_2$] (1) R65 ਤੋਂ 6893 ਤੱਕ ਭਾਰਤੀ ਦਰਸ਼ਨ ਸ਼ਾਸਤਰ ਦੇ ਸਰੋਤ ਲਿਸਟ ਕੀਤੇ ਹਨ।

(2) ਭਾਰਤੀ ਦਰਸ਼ਨ ਸ਼ਾਸਤਰ ਦੇ ਹੋਰ ਅਵਲੋਕਨ R ਵਿਚੋਂ ਹੀ ਲਵੋ।

Yoga Philosophy

R635

Mahayana Philosophy

R6945

Bhagvad Gita

R68

Mahabharata

R68, 8

Bhagvata

R6893, 7

Brahma Sutra

R65, 5

Theory of Epistemology according to Hindu Philosophy

R61, 2

Symbolic Logic of Purva Mimansa

R64, 14

Vaisesika Inductive Logic

R621, 11

Probability in Yoga Philosophy

R635, 198

Metaphysics in Bhatta Mimansa

R641, 3

Vedanta Logic

R65, 91

ਇਥੇ [$P_2$] 9 ਨੂੰ R ਵਾਂਗ ਹੀ ਵੰਡਿਆ ਗਿਆ ਹੈ ਜਿਥੇ R1 ਤਰਕ ਸ਼ਾਸਤਰ ਹੈ।

Vaisnava Epistemology

R672, 92

Theory of Aesthetics according to Jaina School of Philosophy

R8 ਨੂੰ (GD) ਨਾਲ ਵਧਾ ਕੇ ਦੇਸ਼ਾਂ ਦੀਆਂ ਤਰਕ-ਸ਼ਾਸਤਰੀ ਪ੍ਰਣਾਲੀਆਂ ਬਣਾਈਆਂ ਹਨ।

British Philosophy

R856

American Philosophy

R873

Greek Philosophy

R851

Greek Epistemology

R851, 2

And those who do not place Indian Philosophy in R6, may put it as :

R844

Difference between Inductive and Deductive Logic

R110w2

Life of John Lock (1632-1704)

R856wK32

Collected Philosophical Works of Australian Philosopher Samuel Alexander (1859-1938)

R88xM59

Journal of Philosophical Logic (Netherlands, 1972+)

R1m44, N7

Indian Institute of Philosophy (1916)

R.44, d, 9N1

Association of Symbolic Logic (USA, 1936)

R14.73, g, 9N3

**M ਲਾਭਦਾਇਕ ਕਲਾਵਾਂ (USEFUL ARTS)**

**ਪਹਿਲੂ ਫਾਰਮੂਲਾ : M[P] : [M] : [E] [2P]**

ਇਸ ਸ਼੍ਰੇਣੀ ਵਿਚ ਉਦਯੋਗਿਕ ਕਲਾ ਕਿਰਤਾਂ ਨਾਲ ਸੰਬੰਧਤ ਵਿਸ਼ੇ ਆਉਂਦੇ ਹਨ। ਇਸ ਵਿਚ ਵਿਗਿਆਨ ਅਤੇ ਇੰਜੀਨੀਅਰਿੰਗ ਵਿਸ਼ਿਆਂ ਦੀ ਵਰਤੋਂ ਦੇ ਸੰਕਲਪ ਰੂਪਮਾਨ ਕੀਤੇ ਗਏ ਹਨ। ਇਕ ਵਿਚਾਰ ਜੋ ਵਿਗਿਆਨਕ ਵਿਸ਼ੇ ਦੇ ਰੂਪ ਵਿਚ ਜਨਮ ਲੈਂਦਾ ਹੈ ਉਸਦਾ M ਤੱਕ ਅਮਲੀ ਉਪਯੋਗ ਹੋ ਜਾਂਦਾ ਹੈ। D ਇੰਜੀਨੀਅਰਿੰਗ, F ਤਕਨਾਲੋਜੀ ਅਤੇ ਇਥੋਂ ਤੱਕ ਕਿ HZ ਖਾਣ-ਵਿਗਿਆਨ ਵਿਸ਼ਿਆਂ ਦਾ ਪੂਰਕ ਹੈ। ਵੱਖ-ਵੱਖ ਕਿਸਮਾਂ ਦੇ ਔਜ਼ਾਰ ਅਤੇ ਮਸ਼ੀਨਾਂ ਆਦਿ ਬਣਾਉਣ ਦੀਆਂ ਵਿਧੀਆਂ ਵੀ ਇਸ ਮੁੱਖ ਵਰਗ ਵਿਚ ਆਉਂਦੀਆਂ ਹਨ। MA ਗ੍ਰਹਿ ਅਤੇ ਹੋਟਲ ਵਿਗਿਆਨ, M7 ਟੈਕਸਟਾਈਲ, ਖੇਡਾਂ ਅਤੇ ਇਨਡੋਰ ਖੇਡਾਂ ਵੀ ਇਸ ਵਿਚ ਆਉਂਦੀਆਂ ਹਨ। ਮੁੱਖ ਵਰਗਾਂ ਦੀ ਪੰਗਤੀ ਵਿਚ ਇਸਦੀ ਸਥਿਤੀ ਤੋਂ ਪਤਾ ਚਲਦਾ ਹੈ ਕਿ ਰੰਗਾਨਾਥਨ ਇਸਨੂੰ ਸਾਰੀਆਂ ਕੁਦਰਤੀ ਵਿਗਿਆਨਾਂ ਦਾ ਆਖਰੀ ਵਰਗ ਮੰਨਦਾ ਹੈ।

ਇਹ ਮੁੱਖ ਵਰਗ ਸਭ ਤੋਂ ਵੱਧ ਵਰਤਿਆ ਜਾਂਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਇਸ ਵਿਚ ਇਕੱਲਾਂ ਦੀ ਲਿਸਟਿੰਗ ਬਹੁਤ ਘੱਟ ਕੀਤੀ ਗਈ ਹੈ। ਰੰਗਾਨਾਥਨ ਪੂਰਵ ਚੇਤਾਵਨੀ ਦਿੰਦਾ ਹੈ ਕਿ ਇਸਦੀ ਅਨੁਸੂਚੀ ਸੰਖੇਪ ਅਤੇ ਵਿਆਖਿਆਤਮਕ ਹੀ ਹੈ (ਵੇਖੋ ਸੈਕਸ਼ਨ M01, ਪੰਨਾ 1.91)। ਉਹ ਅੱਗੇ ਆਖਦਾ ਹੈ ਕਿ ਅਜਿਹੇ ਵਿਸ਼ਿਆਂ ਦੀ ਗਿਣਤੀ ਅਨੰਤ ਹੈ (ਸੈਕਸ਼ਨ M02, ਪੰਨਾ 1.91)। M7 ਟੈਕਸਟਾਈਲ ਅਤੇ "MJ7 ਰੱਸੀ ਬਣਾਉਣ" ਦੀਆਂ ਅਨੁਸੂਚੀਆਂ ਕੇਵਲ ਵਿਆਖਿਆਤਮਕ ਹਨ। ਇਸ ਢੰਗ ਨਾਲ ਹੋਰ ਪ੍ਰਮਾਣਿਤ ਉਪਵਰਗਾਂ ਦੇ ਪਹਿਲੂ ਤਿਆਰ ਕੀਤੇ ਜਾ ਸਕਦੇ ਹਨ। ਇਸ ਮੁੱਖ ਵਰਗ ਦੀ ਤਤਕਾਲ ਵੰਡ ਪ੍ਰਮਾਣਿਤ ਉਪਵਰਗਾਂ ਵਿਚ ਕੀਤੀ ਗਈ ਹੈ। ਭਾਵੇਂ ਇਹ ਲਿਖਿਆ ਨਹੀਂ ਗਿਆ ਪਰ ਮੁੱਖ ਵਰਗ M ਦੀ ਅੱਗੇ ਵੰਡ ਮਿਥਿਆ (Pseudo) ਵਿਸ਼ਾ ਜੁਗਤ ਨਾਲ ਕੀਤੀ ਜਾਪਦੀ ਹੈ। ਜਿਵੇਂ ਕਿ "MD53 Aviation"। ਇਸ ਵਿਚ D53 Air Vehicle ਹੈ। ਇਸੇ ਤਰ੍ਹਾਂ "MBI Calculating Machines" ਵਿਚ B1 ਅੰਕ ਗਣਿਤ ਨੂੰ ਵਿਅਕਤ ਕਰਦਾ ਹੈ। ਅੱਗੇ ਚਲ ਕੇ NMR ਸੰਗੀਤਕ ਔਜਾਰ ਬਣਾਉਣ ਲਈ ਵਰਤਿਆ ਗਿਆ ਹੈ। ਇਸ ਵਿਚ NR ਸੰਗੀਤ ਪ੍ਰਮਾਣਿਤ ਉਪਵਰਗ ਹੈ। ਇਸੇ ਤਰ੍ਹਾਂ ਹੋਰ ਮੁੱਖ ਵਿਸ਼ੇ ਬਣਾਏ ਜਾ ਸਕਦੇ ਹਨ।

Watch Making

MC86

Balance Making

MC11

Geometrical Instruments

MB6

Barometer

MU282

ਅਨੁਸੂਚੀ ਵਿਚ ਕੀਤੇ ਗਏ ਬਦਲਾਵ ਧਿਆਨ ਨਾਲ ਨੋਟ ਕਰ ਲੈਣੇ ਚਾਹੀਦੇ ਹਨ। M3 ਤੋਂ M98 ਤੱਕ ਦੇ ਉਪ-ਵਰਗਾਂ ਲਈ ਅਨੁਲੱਗ ਪੰਨਾ 27 ਤੇ ਸੋਧੀਆਂ ਹੋਈਆਂ ਅਨੁਸੂਚੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਵਜੋਂ MJ7 ਰੱਸੀ ਬਣਾਉਣ ਦੀਆਂ ਵਿਧੀਆਂ ਦੇ ਊਰਜਾ ਇਕੱਲ ਵੀ (ਅਨੁਲੱਗ ਪੰਨਾ 27) ਤੋਂ ਲੈਣੇ ਹਨ।

Glass Making

